ISSN 0972-2335

# ਅੰਮ੍ਰਿਤ ਕੀਰਤਨ

## ਦਸੰਬਰ 2019



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

## ਚੇਤਰ

ਚੇਤਰ ਚਿੱਤ ਦੀਆਂ ਚਿੱਤ ਵਿੱਚ ਰਹੀਆਂ ਕਿਉਂ ਜਾਨੀ ਘਰ ਆਇਆ ਨਾ ।
ਪ੍ਰੇਮ ਲਗਾ 'ਕੇ ਇੱਕੋ ਵੇਰੀ ਮੁੜ 'ਕੇ ਮੁੱਖ ਦਿਖਾਇਆ ਨਾ ।
ਜਿੰਦ ਦਾ ਮਾਲਕ ਮੇਰਾ ਮਾਹੀ ਕਿਸੇ ਦਾ ਹੋਰ ਪਰਾਇਆ ਨਾ ।
ਉਹਲੇ ਹੋ 'ਕੇ ਅਖੀਆਂ ਕੋਲੋਂ ਮੁੜ 'ਕੇ ਯਾਦ ਕਰਾਇਆ ਨਾ ।
ਜਾਨ ਤੇਰੇ ਤੋਂ ਵਾਰਨੇ ਕਰਸਾਂ ਅਜੇ ਭੀ ਤੈਂ ਅਜ਼ਮਾਇਆ ਨਾ ।
ਬੈਠੀ ਰੋਵਾਂ ਚੁੱਪ ਚਪੀਤੀ ਇਕ ਪਲ ਚੈਨ ਵੀ ਪਾਇਆ ਨਾ ।
ਵਿੱਚ ਸਿਦਕ ਦੇ ਬਿਹਬਲ ਹੋਈਆਂ ਮੰਨ ਤੋਂ ਕਦੇ ਭੁਲਾਇਆ ਨਾ ।
ਸੰਤੋਖ ਸਿੰਘਾ ਮੈਂ ਦਰਸ ਪਿਆਸੀ ਜੀਵਨ ਜਾਮ ਪਿਲਾਇਆ ਨਾ ।



## चेतर

चेतर चित्त दीआं चित्त विच रहीआं किओं जानी घर आइआ ना ।
प्रेम लगा 'के इको वेरी मुड़ 'के मुख दिखाइआ ना ।
जिंद दा मालक मेरा माही किसे दा होर प्राइआ ना ।
ओहले हो 'के अखीआं कोलों मुड़ 'के याद कराइआ ना ।
जान तेरे तों वारने करसां अजे भी तैं अजमाइआ ना ।
बैठी रोवां चुप चपीती इक पल चैन वी पाइआ ना ।
विच्च सिदक दे बिहबल होईआं मन्न तों कदे भुलाइआ ना।
संतोख सिंघा मैं दरस पिआसी जीवन जाम पिलाइआ ना ।

# ਅੰਮ੍ਰਿਤ ਕੀਰਤਨ

## ਇਸ ਅੰਕ ਵਿਚ


| | |
|---|---|
| ਚੇਤਰ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ | ਟਾ-3 |
| ਸੰਪਾਦਕੀ: ਕਰਉ ਬੇਨੰਤੀਆ: ਚੋਰ ਸਿ ਚੋਰਾ ਚੋਰ | 2 |
| ਗੁਰਮਤਿ ਸੰਗੀਤ ਵਿਚ ਰਾਗ ਮਾਰੂ – ਡਾ. ਗੁਰਨਾਮ ਸਿੰਘ | 3 |
| ਪੂਜਨੀਕ ਗੁਰੂ ਮਾਤਾ ਸ਼੍ਰੀਮਤੀ ਸੁਰਜੀਤ ਕੌਰ – ਡਾ. ਨਿਵੇਦਿਤਾ ਸਿੰਘ | 5 |
| Nanak Ke Ghar Kewal Naam - Dr S.S. Bhatti | 8 |
| ਸੁਰਲਿਪੀ – ਰਾਗ ਭੀਮਪਲਾਸੀ – ਸਰਦਾਰ ਗੁਰਬਖਸ਼ ਸਿੰਘ | 18 |
| ਸੁਰਲਿਪੀ ਵਾਲਾ ਸ਼ਬਦ ਅਤੇ ਉਸ ਦੇ ਅੰਗ੍ਰੇਜ਼ੀ ਵਿਚ ਅਰਥ | ਟਾ-3 |
| ਮਰਦਾਨਾ ਬੋਲਦਾ ਹੈ – ਡਾ. ਹਰਿਭਜਨ ਸਿੰਘ | ਟਾ-4 |



**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ),
ਪੀਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

### ਚੰਦੇ ਦਾ ਵੇਰਵਾ

- ਇਕ ਕਾਪੀ: 15 ਰੁਪਏ
- ਦੇਸ਼ ਸਾਲਾਨਾ ਚੰਦਾ: 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼: ਸਾਲਾਨਾ ਚੰਦਾ INR 1500
- 'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ, ਚੰਡੀਗੜ੍ਹ-160015
ਫ਼ੋਨ: 0172-2772660, 098140 53630
e-mail: drjagirsingh@gmail.com

Website: http://www.amritkirtan.com

**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

ਕਰਉ ਬੇਨੰਤੀਆ

# ਚੋਰ ਸਿ ਚੋਰਾ ਚੋਰ

ਅਜਕਲ ਜ਼ਿਗ ਜ਼ਿਗਲਰ ਦੀ ਇਕ ਪ੍ਰੇਰਣਾਦਾਇਕ ਪੁਸਤਕ 'ਸੀ ਯੂ ਐਟ ਦੀ ਟਾੱਪ' ਪੜ੍ਹ ਰਿਹਾ ਹਾਂ। ਉਸ ਨੇ ਇੱਕ ਕਹਾਣੀ ਰਾਹੀਂ ਜੀਵਨ ਨੂੰ ਇੱਕ ਨਵੇਂ ਤਰੀਕੇ ਨਾਲ ਸੇਧ ਦਿੱਤੀ ਹੈ। ਇਸ ਨਾਲ ਹਰ ਕੋਈ ਕੁਝ ਨਾ ਕੁਝ ਸਾਰਥਕ ਕਰ ਸਕਦਾ ਹੈ। ਪੁਸਤਕ ਵਿੱਚ ਇੱਕ ਕਹਾਣੀ ਬਿਆਨ ਕੀਤੀ ਗਈ ਹੈ।- ਇਹ ਦ੍ਰਿਸ਼ ਇੱਕ ਛੋਟੇ ਜਿਹੇ ਕਿਰਿਆਨਾ ਸਟੋਰ ਦਾ ਹੈ ਅਤੇ ਸਾਲ 1887 ਹੈ। ਇੱਕ ਪਚਵੰਜਾ ਸੱਠ ਸਾਲ ਦਾ ਭੱਦਰ ਪੁਰਸ਼ ਐਮਾਨੁਅਲ ਨਿੰਗਰ ਸਬਜ਼ੀ ਖਰੀਦ ਰਿਹਾ ਸੀ। ਉਹ ਕਲਰਕ ਨੂੰ ਵੀਹ ਡਾਲਰ ਦਾ ਨੋਟ ਦੇ ਕੇ ਬਾਕੀ ਪੈਸੇ ਵਾਪਸ ਲੈਣ ਦਾ ਇੰਤਜ਼ਾਰ ਕਰ ਰਿਹਾ ਸੀ। ਕਲਰਕ ਪੈਸੇ ਲੈ ਕੇ ਕੈਸ਼ ਦਰਾਜ਼ ਵਿੱਚ ਪਾ ਲੈਂਦੀ ਹੈ ਤੇ ਪੈਸੇ ਦੇਣ ਲਈ ਪੈਸੇ ਗਿਣਨ ਲੱਗ ਪੈਂਦੀ ਹੈ। ਉਸੇ ਵੇਲੇ ਉਸ ਨੇ ਵੇਖਿਆ ਕਿ ਉਸਦੀਆਂ ਉੱਗਲੀਆਂ ਜਿਹੜੀਆਂ ਸ਼ਲਗਮ ਵਾਲੇ ਲਿਫਾਫੇ ਨਾਲ ਗਿਲੀਆਂ ਹੋ ਗਈਆਂ ਸਨ ਉਹਨਾਂ ਉੱਤੇ ਨਿੰਗਰ ਵੱਲੋਂ ਦਿੱਤੇ ਨੋਟ ਤੋਂ ਕੁਝ ਰੰਗ ਲੱਗ ਗਿਆ ਸੀ। ਉਹ ਥੋੜਾ ਸੋਚਣ ਲਈ ਮਜਬੂਰ ਹੋ ਗਈ। ਫਿਰ ਉਸ ਨੂੰ ਖਿਆਲ ਆਉਂਦਾ ਹੈ ਕਿ ਐਮਾਨੁਅਲ ਨਿੰਗਰ ਕਾਫੀ ਪੁਰਾਣਾ ਗ੍ਰਾਹਕ ਹੈ ਇਸ ਲਈ ਉਹ ਕੋਈ ਗਲਤ ਜਾਂ ਨਕਲੀ ਨੋਟ ਨਹੀਂ ਦੇ ਸਕਦਾ। ਉਸ ਨੇ ਉਸ ਨੂੰ ਬਾਕੀ ਪੈਸੇ ਦੇ ਦਿੱਤੇ ਤੇ ਨਿੰਗਰ ਚਲਾ ਗਿਆ।

ਬਾਅਦ ਵਿੱਚ ਕੈਸ਼ੀਅਰ ਨੂੰ ਵਿਚਾਰ ਆਇਆ ਕਿ ਨੋਟ ਦੀ ਪੜਤਾਲ ਕਰਨੀ ਚਾਹੀਦੀ ਹੈ ਕਿਉਂਕਿ 20 ਡਾਲਰ ਉਸ ਵੇਲੇ ਵੱਡੀ ਰਕਮ ਹੁੰਦੀ ਸੀ। ਉਸ ਨੇ ਪੁਲਿਸ ਨੂੰ ਸਾਰੀ ਗੱਲ ਦੱਸੀ। ਪੁਲਿਸ ਵਾਲਿਆਂ ਨੂੰ ਵੀ ਇਹ ਨੋਟ ਅਸਲੀ ਜਾਪਿਆ ਪਰ ਉਸ ਦੀ ਸਿਆਹੀ ਉਤਰਨ ਨਾਲ ਉਹ ਉਲਝਣ ਵਿੱਚ ਸਨ। ਬਾਅਦ ਵਿੱਚ ਜਦੋਂ ਨਿੰਗਰ ਦੇ ਘਰ ਦੀ ਤਲਾਸ਼ੀ ਲਈ। ਉਸ ਦੇ ਘਰੋਂ ਨਕਲੀ ਨੋਟ ਬਣਾਉਣ ਦਾ ਸਮਾਨ ਮਿਲਿਆ ਅਤੇ ਉਸ ਦੇ ਚਿਤਰੇ ਹੋਏ ਤਿੰਨ ਚਿਤਰ ਵੀ ਮਿਲੇ। ਨਿੰਗਰ ਬਹੁਤ ਵਧੀਆ ਆਰਟਿਸਟ ਸੀ। ਉਹ ਵੀਹ ਡਾਲਰ ਦੇ ਨੋਟ ਇੰਨੀ ਬਾਰੀਕੀ ਨਾਲ ਪੇਂਟ ਕਰਦਾ ਸੀ ਕਿ ਅਸਲੀ ਨਕਲੀ ਦੀ ਪਛਾਣ ਕਰਨੀ ਮੁਸ਼ਕਲ ਸੀ। ਉਹ ਤਾਂ ਉਸ ਕੈਸ਼ੀਅਰ ਦੇ ਗਿੱਲੇ ਹੱਥਾਂ ਨਾਲ ਉਸ ਦੇ ਨੋਟ ਦਾ ਰੰਗ ਉੱਤਰ ਗਿਆ ਤਾਂ ਉਹ ਫੜਿਆ ਗਿਆ। ਜਦੋਂ ਉਹ ਜੇਲ੍ਹ ਗਿਆ ਤਾਂ ਉਸ ਦੇ ਚਿਤਰਾਂ ਦੀ ਨਿਲਾਮੀ ਕੀਤੀ ਗਈ। ਉਸ ਦੇ ਬਣਾਏ ਤਿੰਨ ਚਿਤਰ 16000 ਡਾਲਰ ਦੇ ਵਿਕੇ। ਨਿੰਗਰ ਆਪਣੀ ਅਦਭੁਤ ਪ੍ਰਤਿਭਾ ਨੂੰ 20 ਡਾਲਰ ਦੇ ਨੋਟ ਬਣਾਉਣ ਲਈ ਵਰਤ ਰਿਹਾ ਸੀ ਜਿਸ ਕਾਰਨ ਉਹ ਦੁਨੀਆਂ ਦੀਆਂ ਨਜ਼ਰਾਂ ਵਿੱਚ ਚੋਰ ਬਣ ਗਿਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਉਸ ਨੇ ਕਿਸ ਦੀ ਚੋਰੀ ਕੀਤੀ ਕਿਸ ਨੂੰ ਧੋਖਾ ਦਿੱਤਾ। ਜੇ ਧਿਆਨ ਨਾਲ ਪੜਤਾਲ ਕੀਤੀ ਜਾਵੇ ਤਾਂ ਤੱਤ ਇਹ ਨਿਕਲਦਾ ਹੈ ਉਸ ਨੇ ਆਪਣੇ ਆਪ ਨੂੰ ਹੀ ਧੋਖਾ ਦਿੱਤਾ।

ਆਓ ਆਪਾਂ ਵੀ ਆਪਣੇ ਅੰਦਰ ਝਾਤੀ ਮਾਰੀਏ। ਸਾਡੇ ਵਿੱਚ ਵੀ ਕਈ ਗੁਣ ਹਨ ਜਿਹਨਾਂ ਅਸੀਂ ਸਾਰਥਕ ਰੂਪ ਵਿੱਚ ਪ੍ਰਯੋਗ ਕਰਕੇ ਜੀਵਨ ਸਫਲ ਕਰ ਸਕਦੇ ਹਾਂ। ਜੇ ਅਸੀਂ ਉਹਨਾਂ ਦਾ ਪ੍ਰਯੋਗ ਨਹੀਂ ਕਰਦੇ ਤਾਂ ਸਾਡੇ ਵਿੱਚ ਤੇ ਉਸ ਇਸ ਚੋਰੀ ਕਰਨ ਵਾਲੇ ਆਰਟਿਸਟ ਵਿੱਚ ਬਹੁਤਾ ਅੰਤਰ ਨਹੀਂ ਹੋਵੇਗਾ।

-- ਭੁੱਲ ਚੁੱਕ ਖਿਮਾ ਜੀ --



# ਗੁਰਮਤਿ ਸੰਗੀਤ ਵਿਚ ਰਾਗ ਮਾਰੂ

*ਡਾ. ਗੁਰਨਾਮ ਸਿੰਘ

ਰਾਗ ਮਾਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਕ੍ਰਮ ਵਿਚ ਇਕੀਵੇਂ ਸਥਾਨ ਤੇ ਅੰਕਿਤ ਹੈ। ਇਹ ਭਾਰਤੀ ਸੰਗੀਤ ਦਾ ਪ੍ਰਾਚੀਨ ਅਤੇ ਕਠਿਨ ਰਾਗ ਹੈ। ਉੱਤਰੀ ਅਤੇ ਦੱਖਣੀ ਦੋਹਾਂ ਸੰਗੀਤ ਪਰੰਪਰਾਵਾਂ ਵਿਚ ਇਸ ਰਾਗ ਨੂੰ ਨਾਮ ਅੰਤਰ ਨਾਲ ਵੇਖਿਆ ਜਾ ਸਕਦਾ ਹੈ ਪਰੰਤੂ ਸਰੂਪ ਭਿੰਨਤਾ ਕਰਕੇ ਗੁਰਮਤਿ ਸੰਗੀਤ ਵਿਚ ਇਸ ਰਾਗ ਨੂੰ ਮੌਲਿਕ ਰਾਗ ਸਵੀਕਾਰਿਆ ਜਾਂਦਾ ਹੈ। ਇਸ ਰਾਗ ਨੂੰ 'ਮਾਰੂਵ', 'ਮਾਰੂਵਿਕਾ', 'ਮਾਰੂਵਾ' ਅਤੇ 'ਮਾਲਵ' ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ। ਕੁਝ ਸੰਗੀਤ ਵਿਦਵਾਨ ਮਾਰੂ ਨੂੰ ਆਧੁਨਿਕ ਮਾਰਵਾ ਦੇ ਬਰਾਬਰ ਮੰਨਦੇ ਹਨ। ਇਸ ਰਾਗ ਦੀ ਮਹਿਮਾ ਸਬੰਧੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੪੨੫ 'ਤੇ ਫੁਰਮਾਇਆ ਹੈ ਕਿ ਮਾਰੂ ਰਾਗ ਤਾਂ ਹੀ ਗਾਵਿਆ ਸਫਲ ਹੈ ਜੇ ਗੁਰੂ ਦੇ ਸ਼ਬਦ ਨੂੰ ਪ੍ਰਮਾਤਮਾ ਦੇ ਨਾਮ ਰੰਗ ਵਿਚ ਰੰਗ ਕੇ ਆਰਾਧਿਆ ਜਾਵੇ। ਜਿਸ ਨਾਲ ਕਾਮਾਦਿਕ ਪੰਜੇ ਬੁਰਾਈਆਂ ਵੱਸ ਵਿਚ ਆ ਜਾਂਦੀਆਂ ਹਨ।

ਮਹਾਨਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਸ ਰਾਗ ਨੂੰ ਯੁੱਧ ਅਤੇ ਮੌਤ ਸਮੇਂ ਗਾਏ ਜਾਣ ਦੀ ਪਰੰਪਰਾ ਹੈ। ਬਾਣੀ ਦੇ ਅੰਤਰਗਤ ਵੀਰ ਰਸੀ ਭਾਵਾਂ ਨੂੰ ਪ੍ਰਗਟ ਕਰਨ ਲਈ ਇਸ ਰਾਗ ਦੁਆਰਾ ਮਨ ਨਾਲ ਯੁੱਧ ਕਰਨ ਲਈ ਮਨੁੱਖ ਨੂੰ ਪ੍ਰੇਰਿਆ ਗਿਆ ਹੈ। ਗੁਰਮਤਿ ਸੰਗੀਤ ਵਿਚ ਰਾਗ ਮਾਰੂ ਦਾ ਵਿਸ਼ੇਸ਼ ਮਹੱਤਵ ਹੈ। ਕਿਹਾ ਜਾਂਦਾ ਹੈ ਕਿ ਸਿੱਖ ਪਰੰਪਰਾ ਵਿਚ ਪ੍ਰਾਣੀ ਦੇ ਅਕਾਲ ਚਲਾਣੇ 'ਤੇ ਰਬਾਬੀ ਕੀਰਤਨੀਏ ਮਾਰੂ ਰਾਗ ਦੇ ਸ਼ਬਦ ਅਤੇ ਮਾਰੂ ਦੀ ਵਾਰ ਦਾ ਗਾਇਨ ਕਰਦੇ ਸਨ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਇਕ ਹਵਾਲੇ ਅਨੁਸਾਰ ਦਮੋਦਰੀ ਮਾਤਾ ਦੇ ਅਕਾਲ ਚਲਾਣੇ ਸਮੇਂ ਵੀ ਮਾਰੂ ਰਾਗ ਵਿਚ ਕੀਰਤਨ ਕਰਨ ਦੀ ਰੀਤ ਦਸੀ ਗਈ ਹੈ:

– *ਆਗੈ ਚਾਲਤ ਪ੍ਰਭੁ ਮੁਰਾਰਿ॥*
*ਮਾਰੂ ਚੌਕੀ ਹੋਤ ਸੁਧਾਰ ॥੧੬੬॥*

ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਵੀ ਸੰਗੀਤ ਗਾਇਨ ਦਾ ਵਰਣਨ ਕੀਤਾ ਗਿਆ ਹੈ:

– *ਢੁਰੈ ਚਵਰ ਬਹੁ ਬਾਜ ਬਜਾਏ। ਕਿੰਨਰ ਜੱਛ ਗਾਇ ਮਿਲਿ ਆਏ॥*
*ਮਾਰੂ ਰਾਗ ਹੋਇ ਅਤਯੰਤਾ। ਡਾਰਤ ਧਨ ਮਗ ਚਲਤ ਅਨੰਤਾ॥੬੬੯॥*

ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਅਨੰਦ ਦੀ ਚੌਕੀ ਨੂੰ ਦੁਪਹਿਰ ਦੇ ਰਾਗਾਂ ਵਿਚ ਗਾਇਨ ਦੀ ਪ੍ਰਥਾ ਹੈ। ਇਸ ਚੌਕੀ ਨੂੰ ਬਿਲਾਵਲ ਦੀ ਅੰਤਿਮ ਚੌਕੀ ਵੀ ਸਵੀਕਾਰਿਆ ਗਿਆ ਹੈ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਦਿਨ ਦੇ ਤੀਜੇ ਪਹਿਰ ਚਰਨ ਕਮਲ ਦੀ ਚੌਕੀ ਦਾ ਪ੍ਰਾਰੰਭ ਹੁੰਦਾ ਹੈ ਅਤੇ ਚਰਨ ਕਮਲ ਦੀਆਂ ਤਿੰਨ ਕੀਰਤਨ ਚੌਕੀਆਂ ਤੀਸਰੇ ਪਹਿਰ ਦੇ ਰਾਗਾਂ ਵਿਚ ਸ਼ਬਦ ਕੀਰਤਨ ਦੇ ਗਾਇਨ ਦੁਆਰਾ ਲਗਾਈਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਰਾਗ 'ਮਾਰੂ' ਦਾ ਪ੍ਰਯੋਗ ਕੀਤਾ ਜਾਂਦਾ ਹੈ।

ਭਾਈ ਬਾਲੇ ਵਾਲੀ ਜਨਮ ਸਾਖੀ ਵਿਚ 'ਕੌਡਾ ਰਾਖਸ਼ ਨੂੰ ਤਾਰਨਾ' ਸਿਰਲੇਖ ਹੇਠ ਦਰਜ ਸਾਖੀ ਵਿਚ ਗੁਰ ਨਾਨਕ ਦੇਵ ਜੀ ਵਲੋਂ ਕੌਡੇ ਨੂੰ ਮਾਰੂ ਰਾਗ ਵਿਚ ਉਪਦੇਸ਼ ਦਿੰਦੇ ਹੋਏ ਸ਼ਬਦ ਉਚਾਰਿਆ ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੦੦੨ 'ਤੇ ਅੰਕਿਤ ਹੈ।

ਸਿੱਖ ਰਹੁ ਰੀਤਾਂ ਵਿਚ ਜਦੋਂ ਕੋਈ ਪ੍ਰਾਣੀ ਅਕਾਲ ਚਲਾਣਾ ਕਰ ਜਾਂਦਾ ਹੈ, ਉਸ ਸਮੇਂ ਵੀ ਕੀਰਤਨ ਕਰਨ ਦੀ ਪਰੰਪਰਾ ਹੈ। ਜਦੋਂ ਪ੍ਰਾਣੀ ਦੇਹ ਸਰੂਪ ਵਿਚ ਪਿਆ ਹੁੰਦਾ ਹੈ ਤਾਂ ਮਾਰੂ ਰਾਗ ਦੇ ਸ਼ਬਦ ਅਤੇ ਮਾਰੂ ਦੀ ਵਾਰ ਗਾਈ ਜਾਂਦੀ ਹੈ।

ਮਾਰੂ ਰਾਗ ਦੇ ਅੰਤਰਗਤ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਦਰਜ ਹੈ। ਇਸ ਰਾਗ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਬਾਰਾਂ ਪਦੇ, ਅੱਠ ਅਸ਼ਟਪਦੀਆਂ, ਬਾਈ ਸੋਲਹੇ ਗੁਰੂ ਅਮਰਦਾਸ ਜੀ ਦੇ ਪੰਜ ਪਦੇ, ਇਕ ਅਸਟਪਦੀ, ਚੌਵੀ ਸੋਲਹੇ, ਇਕ ਵਾਰ; ਗੁਰੂ ਰਾਮਦਾਸ ਜੀ ਦੇ ਅੱਠ ਪਦੇ, ਦੋ ਸੋਲਹੇ; ਗੁਰੂ ਅਰਜਨ ਦੇਵ ਜੀ ਤੀਹ ਪਦੇ ਛੇ ਅਸਟਪਦੀਆਂ, ਚਾਰ ਅੰਜੁਲੀਆਂ, ਚੌਦਾਂ ਸੋਲਹੇ, ਇਕ ਵਾਰ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਤਿੰਨ ਪਦੇ ਦਰਜ ਹਨ। ਗੁਰੂ ਸਹਿਬਾਨ ਤੋਂ ਇਲਾਵਾ ਭਗਤ ਕਬੀਰ ਜੀ ਦੇ ਗਿਆਰਾਂ; ਭਗਤ ਨਾਮਦੇਵ ਜੀ ਦਾ ਇਕ; ਭਗਤ ਜੈਦੇਵ ਦਾ ਇਕ ਅਤੇ ਭਗਤ ਰਵਿਦਾਸ ਜੀ ਦੇ ਦੋ ਸਬਦ ਇਸ ਰਾਗ ਅਧੀਨ ਅੰਕਿਤ ਹੈ।

ਰਾਗ ਮਾਰੂ ਸੁਰਾਂ ਅਨੁਸਾਰ ਮਾਰਵਾ ਥਾਟ ਦਾ ਰਾਗ ਬਣਦਾ ਹੈ। ਇਸ ਦੇ ਨਾਲ ਹੀ *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼* ਵਿਚ ਸਾਰੇ ਸ਼ੁੱਧ ਸੁਰਾਂ ਵਾਲੇ ਮਾਰੂ ਰਾਗ ਦਾ ਉਲੇਖ ਵੀ ਮਿਲਦਾ ਹੈ। ਰਾਗ ਮਾਰੂ ਦੇ ਮਾਰਵਾ ਥਾਟ ਤੋਂ ਉਤਪੰਨ ਹੋਣ ਸਬੰਧੀ ਦੱਖਣ ਦੇ ਪ੍ਰਸਿੱਧ ਵਿਦਵਾਨ ਪੰ. ਅੱਪਾ ਸ਼ਾਸਤਰੀ ਆਪਣੇ ਗ੍ਰੰਥ *ਚੰਦ੍ਰਕਾਯਮ* ਵਿਚ ਲਿਖਦੇ ਹਨ : '*ਤੀਬ੍ਰੋ ਗਮੋਧਨੀ ਚੋਵ ਮ੍ਰਿਦਰਿ, ਧੈਵਤ ਰਿਸ਼ਭੋ, ਸੰਵਾਦੀ ਵਾਦਿਨੋ ਸਤੁ ਸ ਮਾਰੂ : ਸਾਯਮੀ ਰਿਤ।*' ਅਰਥਾਤ : ਜਿਸ ਰਾਗ ਵਿਚ '*ਗ ਮ ਧ ਨੀ*' ਸੁਰ ਤੀਵਰ, ਕੋਮਲ ਰਿਸ਼ਭ ਵਾਦੀ ਧੈਵਤ ਤੇ ਸੰਵਾਦੀ ਰਿਸ਼ਭ ਹੈ ਉਸ ਨੂੰ ਮਾਰੂ ਰਾਗ ਕਹਿੰਦੇ ਹਨ ਅਤੇ ਉਹ ਸ਼ਾਮ ਵੇਲੇ ਗਾਇਆ ਜਾਂਦਾ ਹੈ। ਇਸ ਤੋਂ ਇਲਾਵਾ ਮੱਧਕਾਲੀਨ ਗ੍ਰੰਥਕਾਰ ਪੰ. ਅਹੋਬਲ ਨੇ ਵੀ ਆਪਣੇ ਗ੍ਰੰਥ *ਸੰਗੀਤ ਪਾਰਿਜਾਤ* ਵਿਚ ਮਾਰਵਾ ਥਾਟ ਦੇ ਅੰਤਰਗਤ ਹੀ ਇਸ ਰਾਗ ਨੂੰ ਪ੍ਰਵਾਨਿਆ ਹੈ।

ਮਾਰੂ ਰਾਗ ਦੇ ਤਿੰਨ ਸਰੂਪ ਪ੍ਰਚਾਰ ਅਧੀਨ ਰਹੇ ਹਨ, (1) ਮਾਰਵਾ ਥਾਟ ਯੁਕਤ ਮਾਰੂ, (2) ਖਮਾਜ ਥਾਟ ਯੁਕਤ, (3) ਬਿਲਾਵਲ ਥਾਟ ਦਾ ਮਾਰੂ ਰਾਗ। *ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ* ਵਿਚ ਵਿਦਵਾਨਾਂ ਨੇ ਰਾਗ ਮਾਰੂ ਨੂੰ ਮਾਲਕੌਂਸ ਤੋਂ ਉਤਪੰਨ ਰਾਗ ਮੰਨਿਆ ਹੈ। ਵਾਦੀ ਧੈਵਤ ਅਤੇ ਸੰਵਾਦੀ ਗੰਧਾਰ ਨੂੰ ਮੰਨਿਆ ਹੈ। ਇਸ ਵਿਚ ਰਿਸ਼ਭ ਕੋਮਲ ਅਤੇ ਮਧਿਅਮ ਤੀਬਰ ਹੈ ਅਤੇ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ। ਗਾਇਨ ਸਮਾਂ ਦਿਨ ਦਾ ਤੀਸਰਾ ਪਹਿਰ ਮੰਨਿਆ ਹੈ। ਕੁਝ ਵਿਦਵਾਨ ਮਾਰੂ ਰਾਗ ਨੂੰ ਪੂਰਵੀ ਥਾਟ ਤੋਂ ਵੀ ਉਤਪੰਨ ਮੰਨਦੇ ਹਨ। ਉਨ੍ਹਾਂ ਅਨੁਸਾਰ ਇਸ ਦੀ ਜਾਤੀ ਸੰਪੂਰਨ-ਸੰਪੂਰਨ ਹੈ। ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਧੈਵਤ ਹੈ। ਸੁਰ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ। ਇਸ ਦਾ ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ। ਬਿਲਾਵਲ ਥਾਟ ਤੋਂ ਉਤਪੰਨ ਰਾਗ ਮਾਰੂ ਵਿਚ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਨਿਸ਼ਾਦ ਨੂੰ ਮੰਨਿਆ ਗਿਆ ਹੈ। ਇਸ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਸੁਰ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸੰਪੂਰਨ ਮੰਨੀ ਜਾਂਦੀ ਹੈ। ਮਾਰੂ ਰਾਗ ਦਾ ਇਹ ਪ੍ਰਕਾਰ ਰਾਗ ਬਿਹਾਗ ਦੇ ਵਧੇਰੇ ਨਿਕਟ ਹੈ ਪਰੰਤੂ ਬਿਹਾਗ ਦੋਵੇਂ ਮਧਿਅਮਾਂ ਦਾ ਧਾਰਨੀ ਹੋਣ ਕਰਕੇ ਮਾਰੂ ਰਾਗ ਤੋਂ ਅਲੱਗ ਹੋ ਜਾਂਦਾ ਹੈ। ਖਮਾਜ ਥਾਟ ਤੋਂ ਉਤਪੰਨ ਰਾਗ ਪ੍ਰਕਾਰ ਵਿਚ ਆਰੋਹ ਵਿਚ ਰਿਸ਼ਭ, ਧੈਵਤ ਵਰਜਿਤ ਕਰਨ ਦੀ ਪ੍ਰਥਾ ਹੈ ਜਿਸ ਕਰਕੇ ਇਸ ਦੀ ਜਾਤੀ ਔੜਵ-ਸੰਪੂਰਨ ਬਣਦੀ ਹੈ। ਇਸ ਵਿਚ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਸੁਰ ਨਿਸ਼ਾਦ ਸੁਰ ਨੂੰ ਮੰਨਿਆ ਜਾਂਦਾ ਹੈ। ਗਾਇਨ ਸਮਾਂ ਦਿਨ ਦਾ ਤੀਸਰਾ ਪਹਿਰ ਮੰਨਿਆ ਜਾਂਦਾ ਹੈ। ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਨੇ ਇਸੇ ਸਰੂਪ ਦੇ ਅੰਤਰਗਤ ਸੰਵਾਦੀ ਸੁਰ ਸ਼ੜਜ ਮੰਨਿਆ ਹੈ।

ਗੁਰਮਤਿ ਸੰਗੀਤ ਵਿਚ ਰਾਗ ਨਿਰਣਾਇਕ ਕਮੇਟੀ ਅਤੇ ਹੋਰ ਵਿਦਵਾਨਾਂ ਨੇ ਨਿਮਨਲਿਖਤ ਸਰੂਪ ਸਵੀਕਾਰ ਕੀਤਾ ਹੈ। ਜਿਸ ਅਧੀਨ ਇਹ ਰਾਗ ਦੋਵੇਂ ਮਧਿਅਮ, ਦੋਵੇਂ ਧੈਵਤ, ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਸੁਰਾਂ ਦਾ ਧਾਰਨੀ ਹੈ। ਵਾਦੀ ਸੁਰ - ਗੰਧਾਰ ਤੇ ਸੰਵਾਦੀ ਨਿਸ਼ਾਦ ਮੰਨਿਆ ਗਿਆ ਹੈ। ਆਰੋਹ ਵਿਚ ਰਿਸ਼ਭ ਸੁਰ ਵਰਜਿਤ ਕਰਕੇ ਜਾਤੀ ਸ਼ਾੜਵ-ਸੰਪੂਰਨ ਮੰਨੀ ਜਾਂਦੀ ਹੈ। ਇਸ ਦਾ ਗਾਇਨ ਸਮਾਂ ਦਿਨ ਦਾ ਤੀਸਰਾ ਪਹਿਰ ਹੈ। ਇਸ ਦਾ ਆਰੋਹ ਸ਼ੜਜ ਗੰਧਾਰ ਮਧਿਅਮ ਪੰਚਮ, ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ), ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਪੰਚਮ, ਮਧਿਅਮ (ਤੀਵਰ) ਪੰਚਮ ਧੈਵਤ (ਕੋਮਲ) ਨਿਸ਼ਾਦ ਧੈਵਤ (ਕੋਮਲ) ਪੰਚਮ, ਮਧਿਅਮ ਗੰਧਾਰ ਰਿਸ਼ਭ ਸ਼ੜਜ ਹੈ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਮਾਰੂ ਰਾਗ ਦੇ ਪੁਰਾਤਨ ਚਿਤਰ ਉਪਲਬਧ ਹਨ। ਪ੍ਰਸਿੱਧ ਚਿੱਤਰਕਾਰ ਕਰਨੈਲ ਸਿੰਘ ਕੋਲੋਂ ਅਸੀਂ ਬਾਣੀ 'ਤੇ ਆਧਾਰਿਤ ਮਾਰੂ ਰਾਗ ਦਾ ਚਿੱਤਰ, 'ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ' 1992 ਲਈ ਤਿਆਰ ਕਰਵਾਇਆ ਸੀ, ਜਿਸ 'ਤੇ ਮਾਰੂ ਰਾਗ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

ਵੀਹਵੀਂ ਸਦੀ ਦੀਆਂ ਸਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਵਾਚੀਏ ਤਾਂ ਇਸ ਰਾਗ ਵਿਚ ਸ. ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ, ਸੰਤ ਸਰਵਣ ਸਿੰਘ

ਗੰਧਰਵ, ਪ੍ਰਿੰਸੀਪਲ ਦਿਆਲ ਸਿੰਘ, ਡਾ. ਜਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ (ਲੇਖਕ), ਜਸਵੰਤ ਸਿੰਘ ਤੀਬਰ, ਪ੍ਰੋ. ਪਰਮਜੋਤ ਸਿੰਘ, ਸ. ਹਰਮਿੰਦਰ ਸਿੰਘ ਆਦਿ ਨੇ ਸੰਗੀਤਕਾਰਾਂ ਨੇ ਕੀਰਤਨ ਰਚਨਾਵਾਂ ਨੂੰ ਸੁਰਲਿਪੀ-ਬੱਧ ਕੀਤਾ।

ਮਾਰੂ ਰਾਗ ਨੂੰ ਗੁਰਮਤਿ ਸੰਗੀਤ ਪਰੰਪਰਾ ਦੇ ਸੰਗੀਤਕਾਰਾਂ ਨੇ ਆਪਣੇ-ਆਪਣੇ ਅੰਦਾਜ ਵਿੱਚ ਬਾਖੂਬੀ ਗਾਇਆ ਹੈ, ਜਿਹਨਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com, www.sikh-relics.com, www.vismaadnaad.org, www.sikhsangeet.com, ਅਤੇ www.jawaditaksal.org. ਵੈਬ ਸਾਈਟਸ 'ਤੇ ਸੁਣ ਸਕਦੇ ਹਾਂ।

*ਫਾਊਂਡਰ, ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

---

# ਪੂਜਨੀਕ ਗੁਰੂ ਮਾਤਾ ਸ੍ਰੀਮਤੀ ਸੁਰਜੀਤ ਕੌਰ

ਡਾ. ਨਿਵੇਦਿਤਾ ਸਿੰਘ



ਕਰਮਸ਼ੀਲ ਸ਼ਖ਼ਸੀਅਤ ਸ੍ਰੀਮਤੀ ਸੁਰਜੀਤ ਕੌਰ ਦਾ ਜਨਮ 2 ਮਈ 1925 ਨੂੰ ਪਿੰਡ ਭਨੋੜ ਜ਼ਿਲ੍ਹਾ ਲੁਧਿਆਣਾ ਵਿੱਚ ਸ. ਪ੍ਰੀਤਮ ਸਿੰਘ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਹੋਇਆ। ਬਚਪਨ ਤੋਂ ਹੀ ਆਪ ਅੰਦਰ ਕੁਝ ਕਰਨ ਦੀ ਤੇ ਪੜ੍ਹਨ ਦੀ ਤਾਂਘ ਸੀ। ਐੱਫ਼.ਏ. ਤੇ ਬੀ.ਏ. ਦੀਆਂ ਪ੍ਰੀਖਿਆਵਾਂ ਪਾਸ ਕਰਨ ਉਪਰੰਤ ਗਿਆਨੀ ਦੀ ਪੜ੍ਹਾਈ ਕੀਤੀ ਤੇ ਫਿਰ ਬੀ.ਟੀ. ਭਾਵ ਅਧਿਆਪਨ ਦਾ ਸਿਖਲਾਈ ਕੋਰਸ ਕੀਤਾ। ਨਾਲ ਹੀ ਸਕੂਲ ਅਧਿਆਪਨ ਦੇ ਲੈਕਚਰਾਰ ਕਾਡਰ ਵਿੱਚ ਆਪਨੇ ਨੌਕਰੀ ਵੀ ਸ਼ੁਰੂ ਕੀਤੀ।

ਪੜ੍ਹਾਈ ਦੇ ਨਾਲ-ਨਾਲ ਸਾਹਿਤ ਪੜ੍ਹਨ ਤੇ ਰਚਣ ਦੀ ਚੇਟਕ ਵੀ ਆਪ ਨੂੰ ਸੀ। ਲੁਧਿਆਣੇ ਰਹਿੰਦੇ ਹੋਏ ਹਫ਼ਤੇਵਾਰ 'ਅਣਖੀਲੀ ਰਾਣੀ' ਨਾਮਕ ਅਖ਼ਬਾਰ ਦੀ ਸੰਪਾਦਨਾ ਦਾ ਕਾਰਜ ਕੀਤਾ ਤੇ ਨਾਲ ਹੀ ਲੇਖਨ, ਵਿਸ਼ੇਸ਼ ਕਰਕੇ ਕਵਿਤਾ ਲੇਖਨ ਵੀ ਕੀਤਾ। ਇਸ ਅਖ਼ਬਾਰ ਦੇ ਮੈਨੇਜਿੰਗ ਐਡੀਟਰ ਤੇ ਪ੍ਰਕਾਸ਼ਕ ਉਸ ਸਮੇਂ ਦੇ ਮਸ਼ਹੂਰ ਸਟੇਜੀ ਕਵੀ ਰਾਮ ਨਰੈਣ ਸਿੰਘ ਦਰਦੀ ਸਨ। ਐਥੇ ਹੀ ਬਸ ਨਹੀਂ ਕੀਤੀ ਬਲਕਿ ਅੱਗੇ ਪੜ੍ਹਾਈ ਜਾਰੀ ਰੱਖਦੇ ਹੋਏ ਲੁਧਿਆਣੇ ਦੇ ਲੜਕੀਆਂ ਦੇ ਸਰਕਾਰੀ ਕਾਲਜ ਤੋਂ ਐੱਮ.ਏ. ਪੰਜਾਬੀ ਵੀ ਪਾਸ ਕੀਤੀ। ਇਸੇ ਦੌਰਾਨ ਪ੍ਰੋ. ਤਾਰਾ ਸਿੰਘ ਨਾਲ ਆਪ ਦੀ ਮੁਲਾਕਾਤ ਹੋਈ ਤੇ ਬਾਅਦ ਵਿੱਚ ਆਪ ਦੋਵੇਂ ਵਿਆਹ ਦੇ ਬੰਧਨ ਵਿੱਚ ਬੱਝ ਗਏ। ਵਿੱਦਿਆ ਦੀ ਅਹਿਮੀਅਤ ਨੂੰ ਉਹ ਭਲੀ-ਭਾਂਤੀ ਜਾਣਦੇ ਸਨ। ਜੀਵਨ ਵਿੱਚ ਹੋਰ ਸਾਰੇ ਫ਼ਰਜ਼ ਨਿਭਾਉਂਦੇ ਹੋਏ ਵੀ ਪੜ੍ਹਾਈ ਨਿਰਵਿਘਨ ਜਾਰੀ ਰੱਖੀ। ਇਸ ਸਬੰਧੀ ਇੱਕ ਦਿਲਚਸਪ ਗੱਲ ਇਉਂ ਹੈ ਕਿ ਜਿਸ ਦਿਨ ਆਪਦੀ ਸ਼ਾਦੀ ਸੀ, ਉਸੇ ਦਿਨ ਪ੍ਰੀਖਿਆ ਵੀ ਸੀ। ਆਪਨੇ ਹਠ ਕਰਕੇ ਪਹਿਲਾਂ ਜਾ ਕੇ ਐੱਫ਼.ਏ. ਦੀ ਪ੍ਰੀਖਿਆ ਦਿੱਤੀ ਤੇ ਫਿਰ ਸ਼ਾਦੀ ਦੀਆਂ ਰਸਮਾਂ ਲਈ ਬੈਠੇ। ਵਿੱਦਿਆ ਪ੍ਰਾਪਤੀ ਅਤੇ ਇਸ ਦੇ ਮਹਤੱਵ ਪ੍ਰਤੀ ਉਹਨਾਂ ਦੀ ਚੇਤਨਾ ਤੇ ਪ੍ਰਤੀਬੱਧਤਾ ਦੀ ਇਹ ਇੱਕ ਉੱਤਮ ਮਿਸਾਲ ਹੈ। ਇਸ ਤੋਂ ਇਹ ਵੀ ਜ਼ਾਹਿਰ ਹੁੰਦਾ ਹੈ ਕਿ ਉਹ ਜਿਸ ਕਾਰਜ ਨੂੰ ਕਰਨ ਦੀ ਠਾਣ ਲੈਂਦੇ ਸਨ, ਉਹ ਪੂਰਾ ਕਰਨ ਲਈ ਚੇਤੰਨ ਤੌਰ 'ਤੇ ਜਤਨ ਕਰਦੇ ਤੇ ਉਸ ਨੂੰ ਨੇਪਰੇ ਚਾੜ੍ਹਦੇ।

ਕੰਮ ਨੂੰ ਸੁਚੱਜੇ ਤੇ ਸਿਰੜੀ ਢੰਗ ਨਾਲ ਸੰਪਨ ਕਰਨ ਦੇ ਇਸੇ ਗੁਣ ਕਾਰਨ ਆਪ ਇੱਕ ਕੁਸ਼ਲ ਅਧਿਆਪਕ ਤੇ ਪ੍ਰਬੰਧਕ ਰਹੇ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਆਪ ਦੀ ਰੁਚੀ ਸੀ ਤੇ ਆਪ ਨੈੱਟ ਬਾਲ ਦੀ ਚੰਗੀ ਖਿਡਾਰਨ ਰਹੇ। ਹੋਰ ਸੱਭਿਆਚਾਰਕ ਗਤੀਵਿਧੀਆਂ ਵਿੱਚ ਸਰਗਰਮ ਰਹਿੰਦੇ ਹੋਏ ਗਣਤੰਤਰ ਦਿਵਸ ਦੀ ਨਵੀਂ ਦਿੱਲੀ ਵਿਖੇ ਆਯੋਜਿਤ ਕੀਤੀ ਜਾਣ ਵਾਲੀ ਪਰੇਡ ਵਿੱਚ ਪੰਜਾਬ ਰਾਜ ਦੀ ਝਾਕੀ ਲਈ ਗਈ ਗਿੱਧੇ ਦੀ ਟੀਮ ਵਿੱਚ ਸ਼ਿਰਕਤ ਕੀਤੀ।

ਲੜਕੀਆਂ ਦੀ ਵਿੱਦਿਆ ਪ੍ਰਾਪਤੀ ਤੇ ਸਮੁੱਚੇ ਵਿਅਕਤਿਤਵ ਦੇ ਵਿਕਾਸ ਪ੍ਰਤੀ ਉਹ ਬੜੇ ਸਜਗ ਸਨ। ਇੱਕ ਸਰਬ ਗੁਣ ਸੰਪਨ ਇਸਤਰੀ ਹੋਣ ਦੇ ਨਾਲ-ਨਾਲ, ਔਰਤ ਹੋਣ ਦੀ ਸਮਰੱਥਾ, ਮਾਣ-ਮਰਿਆਦਾ ਤੇ ਫ਼ਰਜ਼ਾਂ ਪ੍ਰਤੀ ਸਦਾ ਸੁਚੇਤ ਰਹੇ ਤੇ ਡਟ ਕੇ ਪਹਿਰਾ ਦਿੱਤਾ। ਇਹੀ ਗੁਣ ਉਹ ਸਾਰੀਆਂ ਬੀਬੀਆਂ, ਭੈਣਾਂ, ਧੀਆਂ ਵਿੱਚ ਵੇਖਣਾ ਚਾਹੁੰਦੇ ਸਨ, ਪਾਉਣਾ ਚਾਹੁੰਦੇ ਸਨ। ਉਹਨਾਂ ਵੱਲੋਂ ਰਚੀਆਂ ਕਈ ਕਵਿਤਾਵਾਂ ਤੋਂ ਵੀ ਇਹ ਤੱਥ ਉਜਾਗਰ ਹੁੰਦਾ ਹੈ ਜਦੋਂ ਉਹ ਲਿਖਦੇ ਹਨ-

ਕੋਈ ਕਰ ਕੇ ਕੰਮ ਧੜੱਲੇ ਦਾ
ਦੁਨੀਆਂ ਵਿੱਚ ਭੜਥੂ ਪਾਦੇ ਤੂੰ
ਸਭ ਸ਼ਰਮਾਂ ਪਾ ਕੇ ਭੱਠੀ ਵਿੱਚ
ਇੱਕ ਥਾਂ ਤੇ ਤੀਲੀ ਲਾਦੇ ਤੂੰ
ਡਿੱਗਿਆਂ ਨੂੰ ਬਾਹੋਂ ਫੜ ਫੜ ਕੇ
ਪਰਬਤ ਤੋਂ ਉੱਚਾ ਚਾਦੇ ਤੂੰ
ਹੋਰਾਂ ਨੂੰ ਕਰ ਕੇ ਖ਼ੁਸ਼ ਪਹਿਲਾਂ
ਕੋਈ ਗੀਤ ਖ਼ੁਸ਼ੀ ਦਾ ਗਾਦੇ ਤੂੰ
ਉੱਠ ਚੁਸਤੀ ਫੜ ਲੈ ਸ਼ੇਰਨੀਏ
ਆਲਸ ਨੂੰ ਦੇਹ ਹੁਣ ਹਰ ਕੁੜੀਏ
ਤੂੰ ਨੱਢੀ ਦੇਸ ਪੰਜਾਬ ਦੀ ਏਂ
ਉਠ ਦੇਸ਼ ਦੀ ਸੇਵਾ ਕਰ ਕੁੜੀਏ

ਕੁਦਰਤ ਦਾ ਵਰਤਾਰਾ ਵੇਖੋ ਕਿ ਆਪ ਵੱਲੋਂ ਰਚੀਆਂ ਕਵਿਤਾਵਾਂ ਜਿਸ ਦਿਨ 'ਅਜ਼ਲਾਂ ਦੀ ਸਾਂਝ' ਨਾਮਕ ਕਵਿਤਾ-ਸੰਗ੍ਰਹਿ ਦੇ ਰੂਪ ਵਿੱਚ ਛਪ ਕੇ ਆਈਆਂ ਖ਼ੁਦ ਉਸ ਨੂੰ ਵੇਖਣ ਲਈ ਦੁਨੀਆਂ ਵਿੱਚ ਨਾਂ ਰਹੇ। ਉਹ ਸੰਗ੍ਰਹਿ ਆਪ ਦੀ ਅੰਤਿਮ ਅਰਦਾਸ ਵਾਲੇ ਦਿਨ ਸੰਗਤ ਨੂੰ ਸਮਰਪਿਤ ਕੀਤਾ ਗਿਆ ਜੋ ਆਪ ਦੇ ਬੱਚਿਆਂ ਤੇ ਸ਼ੁਭ ਚਿੰਤਕਾਂ ਵੱਲੋਂ ਸਭ ਤੋਂ ਵੱਡੀ ਸ਼ਰਧਾਂਜਲੀ ਸੀ। ਇਸ ਅਵਸਰ 'ਤੇ ਕੀਰਤਨ ਪ੍ਰੋ. ਤਾਰਾ ਸਿੰਘ ਦੇ ਸ਼ਗਿਰਦਾਂ ਡਾ. ਗੁਰਨਾਮ ਸਿੰਘ, ਡਾ. ਜਬਰਜੰਗ ਸਿੰਘ, ਡਾ. ਨਿਵੇਦਿਤਾ ਸਿੰਘ ਤੇ ਡਾ. ਅਲੰਕਾਰ ਸਿੰਘ ਵੱਲੋਂ ਕੀਤਾ ਗਿਆ ਜੋ ਗੁਰੂ-ਮਾਤਾ ਪ੍ਰਤੀ ਅਕੀਦਾ ਸੀ।

ਬੀਬੀ ਸੁਰਜੀਤ ਕੌਰ ਇੱਕ ਨਿਸ਼ਠਾਵਾਨ ਅਧਿਆਪਕ ਸਨ। ਜਦੋਂ ਪੰਜਾਬ ਤੇ ਹਰਿਆਣਾ ਵੱਖ ਨਹੀ ਹੋਏ ਸਨ ਉਹਨਾਂ ਨੂੰ ਇਸ ਨਿਸ਼ਠਾ, ਕੁਸ਼ਲਤਾ ਤੇ ਲਿਆਕਤ ਸਦਕਾ ਅਜਿਹੀਆਂ ਥਾਵਾਂ ਉੱਤੇ ਭੇਜਿਆ ਜਾਂਦਾ ਸੀ ਜਿੱਥੇ ਅਨੁਸ਼ਾਸਨ ਦੀ ਕਮੀ ਹੁੰਦੀ ਸੀ ਜਾਂ ਸਕੂਲਾਂ ਵਿੱਚ ਕੰਮ-ਕਾਰ ਅਵਿਵਸਥਿਤ ਹੋ ਚੁੱਕਾ ਹੁੰਦਾ ਸੀ। ਆਪ ਦੀ ਨਿਯੁਕਤੀ ਵਿਮੈਨ ਕਾਡਰ ਵਿੱਚ ਹੋਈ ਪਰ ਮੁੰਡਿਆਂ ਦੇ ਸਕੂਲਾਂ ਵਿੱਚ ਹੀ ਆਪ ਨੂੰ ਵੱਧ ਕੰਮ ਕਰਨ ਦਾ ਅਵਸਰ ਮਿਲਿਆ। ਆਪ ਦੀ ਸਚਾਈ, ਈਮਾਨਦਾਰੀ ਤੇ ਕੰਮ ਪ੍ਰਤੀ ਸਮਰਪਣ ਨੇ ਅਜਿਹੀ ਰੁਹਬਦਾਰ ਸ਼ਖ਼ਸੀਅਤ ਦਾ ਨਿਰਮਾਣ ਕੀਤਾ ਕਿ ਆਪ ਦੇ ਵਿਦਿਆਰਥੀ, ਸਹਿਕਰਮੀ ਤੇ ਹੋਰ ਕਰਮਚਾਰੀ ਆਪ ਦਾ ਲੋਹਾ ਮੰਨਦੇ ਸਨ। ਬਾਅਦ ਵਿੱਚ ਅਧਿਆਪਨ ਤੋਂ ਜਦੋਂ ਸਿੱਖਿਆ -ਪ੍ਰਬੰਧ ਵੱਲ ਵਧੇ ਤਾਂ ਪਟਿਆਲੇ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ (ਡੀ.ਈ.ਓ.) ਦੇ ਅਹੁਦੇ 'ਤੇ ਤਾਇਨਾਤ ਰਹਿੰਦਿਆਂ ਸਕੂਲੀ ਸਿੱਖਿਆ ਵਿੱਚ ਅਨੇਕ ਸੁਧਾਰ ਕੀਤੇ।

ਸੇਵਾ ਨਿਭਾਉਣ ਉਪਰੰਤ ਕਈ ਵਿਦਿਅਕ ਜਥੇਬੰਦੀਆਂ ਤੇ ਵਡੇਰੇ ਨਾਗਰਿਕਾਂ ਦੀਆਂ ਜੱਥੇਬੰਦੀਆਂ ਨਾਲ ਜੁੜੇ ਰਹੇ ਤੇ ਪ੍ਰਧਾਨ ਵੀ ਰਹੇ। ਕਈ ਸਾਲ ਦਸ਼ਮੇਸ਼ ਪਬਲਿਕ ਸੁਸਾਇਟੀ ਦੇ ਦਸ਼ਮੇਸ਼ ਸਕੂਲ, ਪਟਿਆਲਾ ਵਿੱਚ ਆਨਰੇਰੀ ਪ੍ਰਿੰਸੀਪਲ ਵਜੋਂ ਸੇਵਾ ਕਰਦੇ ਰਹੇ। ਕਈ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਦੇ ਰਹੇ ਅਤੇ ਮੂਕ ਤੇ ਬਹਿਰੇ ਵਿਦਿਆਰਥੀਆਂ ਦੇ ਸਕੂਲਾਂ ਦੀਆਂ ਜਥੇਬੰਦੀਆਂ ਨਾਲ ਜੁੜੇ ਰਹੇ। ਇਸ ਦੇ ਨਾਲ ਹੀ ਸਮਾਜ-ਸੇਵਾ ਦੇ ਕਾਰਜਾਂ ਵਿੱਚ ਵੀ ਵੱਧ-ਚੜ੍ਹ ਕੇ ਯੋਗਦਾਨ ਦਿੱਤਾ। 'ਮਾਈ ਭਾਗੋ ਬ੍ਰਿਗੇਡ' ਦੇ ਫਾਊਂਡਰ ਮੈਂਬਰ ਰਹੇ ਤੇ 'ਡੈਡੀਕੇਟਿਡ ਬ੍ਰਦਰਜ਼ ਗਰੁੱਪ' ਨਾਲ ਵੀ ਲੰਮਾ ਸਮਾਂ ਜੁੜ ਕੇ ਕਈ ਸਮਾਜਿਕ ਕਾਰਜਾਂ ਵਿੱਚ ਸਰਗਰਮ ਰਹੇ। ਪਟਿਆਲਾ ਵਿਖੇ ਬਡੂੰਗਰ ਦੇ ਸ਼ਮਸ਼ਾਨ ਘਾਟ ਵਿੱਚ ਕਈ ਸਹੂਲਤਾਂ ਆਪ ਵੱਲੋਂ ਮੁਹੱਈਆ ਕਰਵਾਈਆਂ ਗਈਆਂ।

ਪਰਮ ਪੂਜਨੀਕ ਗੁਰਮਤਿ ਸੰਗੀਤ ਆਚਾਰੀਆ ਸਵ: ਪ੍ਰੋ. ਤਾਰਾ ਸਿੰਘ ਦੇ ਸੰਗੀਤ ਜਗਤ ਨੂੰ ਦਿੱਤੇ ਅਥਾਹ ਯੋਗਦਾਨ ਦੇ ਪਿੱਛੇ ਇੱਕ ਬਹੁਤ ਵੱਡੀ ਪ੍ਰੇਰਣਾ ਅਤੇ ਥੰਮ੍ਹ ਵਜੋਂ ਬੀਬੀ ਸੁਰਜੀਤ ਕੌਰ ਸਦਾ ਖੜ੍ਹੇ ਰਹੇ। ਜੀਵਨ ਵਿੱਚ ਸਿੱਖਿਆ ਦੇ ਮਹੱਤਵ ਬਾਰੇ ਉਹ ਬੜੇ ਸੁਚੇਤ ਸਨ। ਬੀਬੀ ਜੀ ਦੀ ਪ੍ਰੇਰਣਾ ਸਦਕਾ ਹੀ ਪ੍ਰੋ. ਸਾਹਿਬ ਨੇ ਸੰਗੀਤ ਵਿੱਚ ਉਚੇਰੀ ਸਿੱਖਿਆ ਹਾਸਲ ਕੀਤੀ ਤੇ ਫਿਰ ਲਿਖਣ-ਪੜ੍ਹਨ ਵਿੱਚ ਸਦਾ ਮਸਰੂਫ਼ ਰਹੇ। ਸੰਗੀਤ ਦੇ ਕਿਰਿਆਤਮਕ ਤੇ ਸਿਧਾਂਤਕ ਦੋਵਾਂ ਪੱਖਾਂ ਵਿੱਚ ਉਹਨਾਂ ਅਜਿਹੇ ਪੂਰਨੇ ਪਾਏ ਜੋ ਰਹਿੰਦੀ ਦੁਨੀਆਂ ਤੱਕ ਕਾਇਮ ਰਹਿਣਗੇ ਤੇ ਇਸ ਪਿੱਛੇ ਬੀਬੀ ਜੀ ਦੀ ਬਹੁਤ ਵੱਡੀ ਭੂਮਿਕਾ ਹੈ। ਉਹਨਾਂ ਆਪ ਵੀ ਐੱਮ.ਏ. ਵਾਦਨ ਸੰਗੀਤ ਬਾਅਦ ਵਿੱਚ ਕੀਤੀ ਤੇ ਪ੍ਰੋ. ਸਾਹਿਬ ਦੇ ਲਿਖਤ ਕਾਰਜਾਂ ਵਿੱਚ ਸਾਥ ਵੀ ਨਿਭਾਇਆ। ਬੀਬੀ ਜੀ ਨੇ ਪ੍ਰੋ. ਸਾਹਿਬ ਨੂੰ ਘਰ-ਗ੍ਰਹਿਸਥੀ ਤੇ ਹੋਰ ਦੁਨਿਆਵੀ ਜ਼ਿੰਮੇਵਾਰੀਆਂ ਤੋਂ ਮੁਕਤ ਰੱਖ ਕੇ ਆਪਣੇ ਸੰਗੀਤਕ ਕਾਰਜਾਂ ਨੂੰ ਨਿਭਾਉਣ ਦਾ ਸਮਾਂ ਦੇਣ ਦਾ ਕਾਰਜ ਬਾਖ਼ੂਬੀ ਨਿਭਾਇਆ। ਪ੍ਰੋ. ਸਾਹਿਬ ਦੇ ਸਵਰਗਵਾਸ ਹੋਣ ਤੋਂ ਬਾਅਦ ਉਹਨਾਂ ਦੇ ਅਣਛਪੇ ਕਾਰਜ ਨੂੰ ਛਪਾਉਣ ਦਾ ਬੀੜਾ ਚੁੱਕਿਆ ਤੇ ਸ਼ਗਿਰਦਾਂ ਨੂੰ ਵੀ ਇਸ ਪਾਸੇ ਪ੍ਰੇਰਿਤ ਕੀਤਾ। ਨਤੀਜੇ ਵਜੋਂ ਪ੍ਰੋ. ਸਾਹਿਬ ਦੀਆਂ ਅਨੇਕ ਪੁਸਤਕਾਂ ਦੀ ਪ੍ਰਕਾਸ਼ਨਾ ਸੰਭਵ ਹੋਈ ਤੇ ਇਹ ਕਾਰਜ ਅੱਜ ਵੀ ਜਾਰੀ ਹੈ।

ਬੀਬੀ ਸੁਰਜੀਤ ਕੌਰ ਨੇ ਜ਼ਿੰਦਗੀ ਨੂੰ ਆਪਣੀਆਂ ਸ਼ਰਤਾਂ ਅਤੇ ਆਪਣੇ ਬਲ 'ਤੇ ਜੀਵਿਆ ਪਰ ਵਾਹਿਗੁਰੂ ਦੀ ਬਖ਼ਸ਼ਿਸ਼ ਪ੍ਰਤੀ ਸਦਾ ਸ਼ੁਕਰਾਨਾ ਅਰਪਨ ਕੀਤਾ। ਆਪਣੀ ਪਰਿਵਾਰਿਕ ਫੁਲਵਾੜੀ ਨੂੰ ਚੌਥੀ ਪੀੜ੍ਹੀ ਤੱਕ ਵਿਗਸਦਿਆਂ ਤੇ ਫੈਲਦਿਆਂ ਵੇਖ ਕੇ, ਮਾਣ ਕੇ ਇਸ ਸੰਸਾਰ ਤੋਂ ਰੁਖਸਤ ਹੋਏ। ਸਪੁੱਤਰ ਯੁਵਰਾਜ ਸਿੰਘ ਤੇ ਸਪੁੱਤਰੀ ਕਮਲ ਸੋਹਲ ਅਤੇ ਉਹਨਾਂ ਦੀਆਂ ਅਗਲੇਰੀਆਂ ਪੀੜ੍ਹੀਆਂ ਨੇ ਬੀਬੀ ਜੀ ਦਾ ਭਰਪੂਰ ਸਨੇਹ ਅਤੇ ਮਾਰਗ ਦਰਸ਼ਨ ਪ੍ਰਾਪਤ ਕੀਤਾ। ਲੰਮਾ ਤੇ ਭਰਪੂਰ ਜੀਵਨ ਜਿਉਂ ਕੇ ਮਿਤੀ 23 ਅਪ੍ਰੈਲ, 2019 ਨੂੰ ਆਪ ਪਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ।

ਸੰਸਾਰ ਆਵਾਗਮਨ ਦਾ ਚੱਕਰ ਹੈ, ਨਾਸ਼ਵਾਨ ਹੈ ਪਰ ਜਿਸ ਵਿਅਕਤੀ ਦੇ ਆਉਣ ਨਾਲ ਸੰਸਾਰ ਦੇ ਕਾਰਜ ਸੰਵਰ ਜਾਣ ਤੇ ਜਿਸ ਦੇ ਜਾਣ ਦਾ ਤੀਬਰਤਾ ਨਾਲ ਅਹਿਸਾਸ ਹੋਵੇ, ਓਹੀ ਜੀਵਨ ਸਾਰਥਕ ਹੈ। ਬੀਬੀ ਜੀ ਦੀ ਕਵਿਤਾ 'ਬੇਨਤੀ' ਵਿੱਚੋਂ ਕੁਝ ਸਤਰਾਂ -

ਹੇ ਦਾਤੇ! ਤੂੰ ਬਖ਼ਸ਼ਣਹਾਰਾ
ਔਗੁਣ ਭਰਿਆ ਕੁਲ ਸੰਸਾਰਾ
ਲੋਭ ਲਾਲਚ ਤੇ ਮਾਰ-ਧਾੜ ਵਿੱਚ
ਬੰਦਾ ਫਿਰਦਾ ਮਾਰਾ ਮਾਰਾ
ਦਯਾ ਧਰਮ ਸੰਤੋਖ ਗੁਣਾਂ ਤੋਂ
ਰਹਿੰਦਾ ਹੈ ਇਸ ਨੂੰ ਕਿਉਂ ਸਾੜਾ
ਸਚ ਨਿਮਰਤਾ ਤੇ ਮਿਹਨਤ ਦਾ ਗੁਣ
ਇਹਨੂੰ ਲਗਦਾ ਖਾਰਾ ਖਾਰਾ
ਹੇ ਦਾਤੇ ਤੂੰ ਬਖ਼ਸ਼ ਬੰਦੇ ਨੂੰ ਸਤਿ ਨਿਰੰਕਾਰਾ!

ਪ੍ਰੋਫ਼ੈਸਰ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਸੰਪਰਕ: 9888515059.

# *NANAK KAI GHAR KEWAL NAAM*

***Dr. S.S. Bhatti**

ਏਹੁ ਅਹੇਰਾ ਕੀਨੋ ਦਾਨੁ

*Ehu ahera keeno daan*

ਨਾਨਕ ਕੈ ਘਰਿ ਕੇਵਲ ਨਾਮੁ

*Nanak kai ghar kewal Naam*

[Raag Bhairao Mahalla 5, SGGS, Page 1136]

Lord God has to humanity given this gift

Nanak's home glows with only Name in it

When I told him that I was writing a book on Guru Nanak Dev, my friend Professor HS Virk who is well versed in *Gurbani* and has sound knowledge and experience of Science, readily suggested that I use the title: *Nanak kai ghar kewal Naam.* His desire that I work on the subject from various angles prodded me to research it and eventually dilate upon the subject in a manner which, to my knowledge and belief, has never been done before. I must confess that this exercise has given me a new insight into the Significance, Magnificence, and Munificence of "*NAAM*" that the Prophet of the Sikh Faith has used exhaustively to establish that the Holy Name is all-encompassing, perennially fresh, generic appellation for Lord God. "*NAAM*" emerges to be the key aspect of his Revelation. What follows is the result of my month-long meditative study and understanding of the subject.

The Significance, Magnificence, and Munificence of *NAAM*, Lord God's Holy Name, have been dilated upon in *Sri Guru Granth Sahib*, *ad infinitum*, by all those holy personages whose *Bani* is enshrined in the Sikh Bible. However, I have picked up three *Pauris* from three different Ashtapadis of Guru Arjan Dev's *Sukhmani Sahib* to underscore the crucial points that I am attempting to make. The Fifth Master has centred exclusive focus on *NAAM* as Be-All and End-All of Guru Nanak's Revelation which his Nine Successors have reverently followed. All of them have admirably explicated by their own mystical experiences *vis-à-vis* the changing socio-cultural and political conditions of India and how they affected the mindset of the people, notably, Muslims and Hindus—the rulers and the ruled—who were witness to the Sikh Faith's Prophet's Silent Revolution in the midst of mass-scale degradation of religions and depravement of civilisations.

I have studiously rendered the Punjabi originals into poetic rendering in English, exercising utmost care not to deviate from the theme or cloud the central idea even while taking some liberty which, in parlance of literature, is called "Poetic Licence". I am hoping that the readers will find this material helpful in appreciating my point of view besides receiving an illuminating glimpse of *Gurbani.*

ਗਉੜੀ ਸੁਖਮਨੀ ਮਃ ੫ ॥ ਸਲੋਕੁ॥

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥

ਕਲਿ ਕਲੇਸ ਤਨ ਮਾਹਿ ਮਿਟਾਵਉ ॥

ਸਿਮਰਉ ਜਾਸੁ ਬਿਸੁੰਭਰ ਏਕੈ ॥

ਨਾਮੁ ਜਪਤ ਅਗਨਤ ਅਨੇਕੈ ॥

ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯ੍ਯਰ ॥

ਕੀਨੇ ਰਾਮ ਨਾਮ ਇਕ ਆਖ੍ਯ੍ਯਰ ॥

ਕਿਨਕਾ ਏਕ ਜਿਸੁ ਜੀਅ ਬਸਾਵੈ ॥

ਤਾ ਕੀ ਮਹਿਮਾ ਗਨੀ ਨ ਆਵੈ ॥

ਕਾਂਖੀ ਏਕੈ ਦਰਸ ਤੁਹਾਰੋ ॥

ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥

SUKHMANI SAHIB: First Ashtapadi; Pauri-1
By repeated remembrance of the Lord, find tranquillity
Worry and anxiety shall be dispelled from your body
Remember Him in praise; He pervades the Universe
His Name is chanted variously by devotees countless
Vedas, Puranas and Smritis—all of them are sanctified
When to their contents Lord's Holy Name is applied
He who has lodged Him in his soul even a wee bit
O what glory possesses he; it is hard to describe it
Those who yearn only for a fleeting glimpse of Thine
Nanak: I cannot describe their glory with power mine

SUKHMANI SAHIB: Second Ashtapadi; Pauri-1

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥

ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥

ਜਹ ਮਹਾ ਭਇਆਨ ਦੂਤ ਜਮ ਦਲੈ ॥

ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥

ਜਹ ਮੁਸਕਲ ਹੋਵੈ ਅਤਿ ਭਾਰੀ ॥

ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥

ਅਨਿਕ ਪੁਨਹਚਰਨ ਕਰਤ ਨਹੀ ਤਰੈ ॥

ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥

ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥

ਨਾਨਕ ਪਾਵਹੁ ਸੂਖ ਘਨੇਰੇ ॥੧॥

Where mother, father, children, friends nor siblings are by your side
There with you, O my mind, only the Holy Name shall abide
Where Death's horrible Messenger threatens to crush you
Only the Lord God's Holy Name shall accompany you
Where there are many obstacles of enormous mass
There the Lord's Name alone shall ferry you across
Even by countless good deeds you could not be saved
Your myriad sins would by Lord's Name be removed

O my mind, chant *Naam* by the Guru's grace
Nanak: Earn joys aplenty and proceed apace
SUKHMANI SAHIB: Sixteenth Ashtapadi; Pauri-5

ਨਾਮ ਕੇ ਧਾਰੇ ਸਗਲੇ ਜੰਤ ॥

ਨਾਮ ਕੇ ਧਾਰੇ ਖੰਡ ਬ੍ਰਹਮੰਡ ॥

ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥

ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥

ਨਾਮ ਕੇ ਧਾਰੇ ਆਗਾਸ ਪਾਤਾਲ ॥

ਨਾਮ ਕੇ ਧਾਰੇ ਸਗਲ ਆਕਾਰ ॥

ਨਾਮ ਕੇ ਧਾਰੇ ਪੁਰੀਆ ਸਭ ਭਵਨ ॥

ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥

ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥

ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥

The *Naam* is the Support of all creatures as get reported
By the *Naam* are the earth and solar systems supported
By the *Naam's* support Smritis, Vedas, and Puranas continue to exist
By the *Naam's* support knowledge, meditation, and listening persist
The skies and the nether worlds are propped up by *Naam*
The *Naam*, indeed, supports many a world and realm
The *Naam* supports towns and regions of the universe
One invokes *Naam* by listening and gets ferried across
By *Naam's* grace God draws the devotee to His station
Nanak, reaching the fourth state, they attain salvation

*NAAM*-recitation or Divine-invocation is not confined to ceaseless parroting; nor is it the focusing of attention on the letters of a word or meditating on an icon or idol. Much to the contrary, when consciousness attains to a state of mind in which no thought at all stirs it, it melts into formlessness. The meaning of *Naam*-recitation is Lord God's form with attributes [*Sarguna Saroop*] that is worshipped with profoundest longing for communion, most intense love, deepest devotion, and unwavering resoluteness. To uplift the mind to such high level of gumption or exalted spiritual state, it has to transform into liquefied psychic condition soaked in divinity. Guru Nanak describes this esoteric state thus:

*Nadri karei te simriya jaaye*
*Aatma dravei rahai liv laaye*
*Aatma Parmatma eko karai*
*Antar kee dubidh antara marei*

God-remembrance is when He casts His grace's glance
Then the liquefied soul remains in ceaseless absorption
Soul and the Lord thence meld into One Divine Essence
With all the (doubts) and inner duality lying dead within

*Gurmukhi naamu dhiaayai mann mandaru bheejai*

God-oriented souls meditate on the Holy Name with mind-temple soaked in divinity

Singing paeans as prescribed in hymns [*Shabda Kirtan*] to the Glory of God helps in soaking the mind with the divine shower of grace. Therefore, without being soaked in *Naam-Rasa* reading of *Gurbani* along with the performance of many rituals is an exercise in futility.

To reach such a desirable state of mind, though an uphill task, the *Guru* furnishes further guidance beginning with a primary prerequisite. This is immaculate purity of mind that can be achieved only by *Naam*-meditation. Without this absolute purity the Realm of Spirituality cannot be accessed, much less entered. For example, every professional wrestler knows that to acquire physical strength and stamina, different bodily exercises—without which no progress can ever be made—must be regularly done to a stringent regimen for several years.

As wrestling was my sport in school and college, I am tempted to quote the grand example of Ghulam Muhammad. Better known as "The Great Gama" he was a wrestler and strongman born in 1880 in British India. He was most famous for long and successful wrestling career as he remained undefeated for more than 50 years, but his self-devised, unusual training methods and feats of strength that he used to perform also played a role in his matchless prowess. Gama used to do five thousand squats and three thousand push-ups every day, and his daily diet included 10 litres of milk, six *desi* chickens, and a pound and a half of crushed almond paste made into a tonic drink. He lifted a stone weighing 1200 kilogrammes (2645 pounds) up to his chest and dropped it down after carrying it for a while. It was 2.5 feet in height and it is still on display at Baroda Museum in Gujarat, India.

It should be easy to understand that rather than *lifting* as in Gama's case it is *dropping*, the enormous dead load of Lust, Anger, Greed, Attachment, and Pride. This is a Herculean feat far more challenging, which is why there are so few among seven billion peoples of the world who have successfully wrestled with these Five Foes lodged within the mind to emerge as champions in the World of Spirit. Guru Nanak underscores the significance of such psycho-spiritual workouts in simple terms as:

*Suchi hovai taan sachu paayai*

Only Purity begets Probity

# SIGNIFICANCE OF "*NAAM*"

Apart from dilating upon the definition of 'NAAM" because it is central to *Gurbani* based on Revelation I have tried to classify its Timeless- Universal validity and veracity in terms of its Significance, Magnificence, and Munificence. Guru Nanak Dev to set all speculations and prejudices to rest proclaimed the *Mool Mantra* its significance by placing 'NAAM' immediately after stating that 'Truth' is the Primal attribute of 'Ik Oankar'. The *Guru*, in my considered opinion, the greatest prophet of the world, has used the word for two reasons: (i) If Oankar is ONE, without a second, and He actually exists [Truth], the seeker would be curiously know Him by His other traits that are known to peoples of the world from common everyday experience so that they could address Him [albeit as Formless Lord] with reference to one or more of them; (ii) He is obliquely suggesting that the word 'Naam' would perform a much deeper, wider, and higher—and more ubiquitous, function than a mere appellation the Creator. Therefore, the word 'Naam' here says—having said that God is One and He performs the three roles of the Creator, Provider, and Destroyer Himself besides His status being True 'Being' [not a figment of imagination or a philosophical concept or a scientific hypothesis or a mythological deity or a poetic fancy]—let us name His other Unique Attributes.

These as you can see are spelled out with a pithy punch resolving every contradiction that came on the way. For example, when we say 'Akal' [Beyond the ken of Time] the seeker would wonder how to identify himself with Him; so the *Guru* hastens to use the word 'Moorat'. But then would suggest an image or an idol, to resolve which he stresses the fact that he is 'Ajooni'. This word again raises a question if He is not born the way we humans are born "How did He come into being, in the first place?" this conundrum is resolved by the term "*Saibhang*". The last phrase "*Gur-Parsad*" is commonly interpreted as "by the Grace of the *Guru* He could be known". I think this contradicts everything that the Guru has so magnificently communicated in his entire *Bani*—nobody can reckon his magnificence, grandeur, glory, and countless other traits because only exalted consciousness can access that realm but the paradox is that when the blessed seeker is at that point encounter his soul immediately gets merged in God's Divine Essence or Light.

In Pauri-Four of Japji, Guru Nanak states the Timeless-Universal import of 'Naam' when he commends that he who desires to have a glimpse of God's court and win over His heart he ought to reflect on the Glory of Name in the ambrosial hour religiously. He presents another point that sets his *Gurbani* apart from the tenets of World Religions. He says while good deeds can get you a better vesture on the principle of "As you sow so shall you reap" those aspiring to liberation from the endless cycle of birth, death, rebirth, must await his grace because, unlike in other religions where hard work, meditation and good deeds promise salvation, this is what God bestows on the earnest and persevering devotee by His own sweet Will, which is inscrutable.

<u>PAURI-FOUR</u>

Unchanging is the Sire, True His justice, His language love infinite
We only ask and implore—and so graciously He gives it
What can we offer the Giver for a glimpse of His court
How prayers must be worded to melt His heart
Meditate on the True Name's glory in the ambrosial hours
Good deeds beget good life, but salvation His grace confers
The Omnipotent is All-Holy, Nanak avers

Guru Nanak shows in Pauri-Twenty-four of Japji Sahib without any shadow of doubt the Significance, Magnificence, and Munificence that he has imparted to "NAAM": He has placed the Holy Name higher than Lord Himself because without it being there in the first place, from the mortals' impermanent position, a seeker, however earnest, long-drawn and perseverant his meditation may be, the divine cannot be accessed by any means or schemes whatsoever.

<u>PAURI-TWENTYFOUR</u>

There is no limit to God's unique virtues
Nor any to their human reckoning
Beyond all measure is His vast creation
And endless is His act of giving
No limit to the spectacles that He stirs
And infinite are the melodies that He conjures
No limit to the secrets that His mind bears
No limit to the creation of unreachable spheres
Beyond could are those who've vexed to reckon
But no success has ever been achieved by anyone
The more certain we are, the greater He's become

Great is the Lord God, exalted His station
Still higher than the most high is His Holy Name
He who must ever venture to know his greatness
Has to be as great as He, His stature to assess
He alone knows His greatness, and He Himself can aver
By His glance of grace, Nanak, He does His blessings shower

Examples that follow are self-explanatory. In any case, I would like the readers to use their minds and discretion to figure out what is what and practise unremittingly to earn invaluable wealth of Naam.

Performed umpteen times in *Gurdwaras* every day across the globe is the Sikh Faith's Collective Worship of *Sri Guru Granth Sahib* that concludes with prayer for obtaining the general weal of the entire humanity [*Sarbat da Bhala*] and also entreats *Wah-i-Guru* thus: Pray, have us come by only those of Thy beloved ones meeting whom we would spontaneously remember Thy Name.

ਸਰਬ ਧਰਮ ਮਹਿ ਸ੍ਰੇਸਟ ਧਰਮੁ
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ

*Sarab dharm maih sreist dharmu*
*Hari kp naamu japi nirmal karmu*
Of all the world religions the best one till date
Is ceaseless chant of *Hari Naam* immaculate
[SGGS, Page 266]

The Guru reiterates the need for keeping alive the Soul-Bride's longing burning in her bosom to achieve the formidable goal of union with Divine-Groom.

Even if I were to become a doe, living in the forest, grazing on wild vegetation
By Guru's Grace, I would meet my Master, and be sacrifice unto Him again and again
I am a shop-keeper of the Lord God
His Name is my merchandise and trade
If I were to become a cuckoo, residing on a mango tree
I would attain equipoise by the Word through reflection
Yet meet my Master spontaneously
And of His ineffable Form would I have vision
If I were to become a fish, always living in water
I would still remember the Lord who on all creatures watches over
My Divine Husband dwells on the yonder shore
With open arms I would approach and hug Him evermore
If I were to become a snake, living beneath ground
In-dwelling *Shabda* would all my fears smite
O Nanak, those soul-brides are happy, safe and sound
Whose light has commingled with Divine Light
[SGGS, Page 157]

*Har sabhna ka hai khasmu so bhagat jan chiti kari*
God is the Divine Husband of one and all
Remember Him, and be at His beck 'n' call
[SGGS, Page 849]

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ

*Eko Naamu Hukmu hai Nanak Satigur diya bujhaaye jio*
True Lord's instruction has enlightened me
That His Edict-Fiat unfolds His mystery
[SGGS, Page 72]

ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ

*Avaro na jaanaih sabdi gur kai eku naamu dhiaavahei*
Except *Shabda-Guru* he knows no other
He meditates on the Name of One Lord
[SGGS, Page 923]

# MAGNIFICENCE OF "*NAAM*"

ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ

*Vaahu vaahu amrit naam hai gurmukhi paavai koye*
Hail the ambrosial nectar, Lord's Name
That's only by the Guru-oriented obtained
[SGGS, Page 515]

*Meetu saajanu  sakha prabhu eku*
*Naam suaami ka Nanak tek*
Pal friend and benevolent is the Lord
The Master's Name is Nanak's support
[SGGS, Page 197]

ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ

*Eko naamu eku naraainu tribhawan eka joti*
*One Name, One Lord*
One light in three worlds
[SGGS, Page 992]

ਗੁਰਮੁਖਿ ਹੋਇ ਸੁ ਰਾਚੈ ਨਾਇ

*Gurmukhi hoye su raachai naaye*
He who orients consciousness Guru-ward
Gets absorbed in the Name of Lord
[SGGS, Page 1330]

# MUNIFICENCE OF "*NAAM*"

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ

*Hari ka naamu amrit jalu nirmalu aukhadhu jagi saara*

The Water of the Hari's Name-Nectar is the purest
In the world this is the best medicine among the rest
[SGGS, Page 659]

ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ

*Sabade naamu dhiaayai sabade sach samaaye*

Contemplate the Name with Shabda in trance
You shall thus merge in the Truth's essence

[SGGS, Page 67]

ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ

This Truth is every soul-bride's Divine Groom
The one receiving his grace gets Him
SGGS, Page 922]

ਸਤਸੰਗਤਿ ਕੈਸੀ ਜਾਣੀਐ

*Satsagati kaisi jaanyai*
How is the Holy Cogregation to be known?

ਜਿਥੈ ਏਕੋ ਨਾਮੁ ਵਖਾਣੀਐ

*Jithei eko naamu vakhaaniye*
Chanted there is the Name of Lord who's One
[SGGS, Page 72]
ਗੁਰਮੁਖਿ ਨਾਮੁ ਲਇਆ ਜੋਤੀ ਜੋਤਿ ਰਲੇ

*Gurmukhi naamu laiyaa jotee joti rale*
When the Guru-oriented utters the Name
The soul-spark is absorbed in Divine Flame
[SGGS, Page 362]
*Aaya hakaara chalanwaara hari ram naami samaaya*
When he received the call to depart
He merged in Lord's Name soul 'n' heart
[SGGS, Page 923]
*Khasam visaaraih te kamjaati*
*Nanak naavei bajhu sanaati*

Forgetting the Divine-Groom the Soul-Bride is ignoble
Bereft of Naam, Nanak, she has the lowliest status social

While still on the subject I would like to share my views on two crucial words used by the Guru and their strategic placement in the *Mool Mantra.* After stating that God the Creator, as the Primal Person, he introduces the word 'Nirbhau' immediately follows it by 'Nirvair'.

*MOOL MANTRA*
[THE SEED-WORD]

ੴ
[*IK OANKAR*]
G-O-D [Generator-Operator-Destroyer]
IS
ONE
All-Inclusive, All-Pervasive
Truth, the Unchanging Reality
Transcendent Being
One may Name Him thus
Intrepid, Uninimical
Imperishable Icon

Beyond the Cycle of Birth and Death
Self-Existent
By the Grace of God, the Guru
This Creed is proclaimed

Apart from their psycho-spiritual significance there is a primordial dimension to the two words—Fearlessness and Freedom from Animosity—that heightens the indispensability and interdependence between them. Unless one is completely free from 'fear' it is impossible to be free from 'animosity'. The action to eliminate your adversary springs from the thought that crops in your mind as a result of perception of the other to be your enemy. At play in it is Sigmund Freud's *libido* [the Life-Instinct] that compels action in the pursuit of self-preservation [by defence or by attack—although as the proverb goes: "Attack is the best form of defence"] in the mortal world this has been in action since time immemorial.

American philosopher-historian Will Durant has stated the case with a punch: "There have been only 268 of the past 3,421 years free of war." Among the *Homo sapiens* species 'fear' has persisted in the human mind since man rose on his two feet from the awkward, self-limiting posture of a quadruped. It is in our DNA with millions of years of reinforcement provided by the inhospitable natural environment in which man had appeared on Planet Earth. Its classic modern example is Donald Trump, President of USA, the only superpower in the world. Sitting back in the White House in the midst of awesome security he is scared of Kim Jong-un, Marshal of North Korean Republic, situated at a distance, as the crow flies, of 10,367 kilometres. Why? Because he perceives him to be his potential enemy! Ironically, therefore, it is fear—perceived or real does not matter—that makes him inimical.

Seen in this lurid light, you will marvel at Guru Nanak's genius at choosing most appropriate words and placing them in the stated order. As he has described God's attributes he has made it in the very beginning that God is ONE, without a 'Second', and used the Numeral '1' to do so. This being the case, it is easy to appreciate that Lord God is the only Being who is absolutely free from FEAR! That is why he tenaciously insists that we humans mortally benumbed by dread should worship only the Fearless One. Guru Arjan Dev declares: Worship the Fearless One to be *free* from all fear!

Guru Nanak set an historic example how these divine traits, notably, 'fearlessness' and 'freedom from animosity' can be imbibed chanting the Holy Name. He called *Babur* [which means 'Lion'] *Jabir* [despot/tyrant] publicly.

Concerning this point, Guru Angad Dev's meeting with Mughal Emperor Humayun forms a very interesting part of his biography showing as it does how Guru Nanak Dev's legacy of absolute freedom from fear and animosity had travelled to his worthy Nine Successors along the line of his Spiritual Ministry. It is said that Humayun, son of the founder of Mughal Empire Babur, after his crushing defeat at Kanauj, had come to Khadur to seek the blessings of the Second Master. When Humayun reached there, the Guru was in meditation, and consequently the emperor had to wait. Taking it as an insult he was about to draw out his sword from the scabbard, when the Guru noticed his angered desperation. He politely but firmly remarked that he should have used that same sword against Sher Shah Suri, who was his rival, rather than against a man of God. He reprimanded the royal visitor saying that he had fled from the battlefield like a coward, and now he was posing as a hero in front of an innocent, religious man. Humayun felt ashamed of his conduct and begged forgiveness. The Guru then blessed and assured him that he would get back his kingdom after some time.

Mughal Emperor Akbar had heard favourable accounts of the Third Master Guru Amar Das. Therefore, out of respect for the Guru, he walked barefoot to meet him. He respectfully followed the sacred rule of "*Pehle Pangat Phir Sangat*" [First Meal; then, Meeting] and partook of *Langar* [Free Community Kitchen for all and sundry] sitting on the floor among the commoners. The food that day consisted of coarse bread, rice, and pulses, which the Mughal

Emperor found very delicious as could be noticed from the fact that he had had a hearty meal. All his soldiers followed suit.

Here is an unmatched example of absolute freedom from fear and animosity, for the Sixth Master, Guru Har Gobind, nursed no feelings of revenge despite the fact it was on the orders of the tyrant Emperor Jahangir that Guru Arjan Dev, his father, had been martyred. In a friendly gesture of hospitality, Jahangir invited Guru Har Gobind to accompany him on a hunting expedition. As they rode along, a ferocious tiger suddenly appeared from out of the thick forest. When the Emperor saw that the tiger was about to pounce upon him, he called out to the Guru to save him. Guru Har Gobind, shield and sword in hand, jumped off his horse, ran in front of the Emperor, and, with one stroke of his sword, killed the tiger. After that life-saving incident Jahangir considered him a true friend, and often invited the Guru to go with him on hunting sprees.

This episode demonstrates how fear was not at all tolerated in the House of Guru Nanak. When the bigoted Mughal Emperor Aurangzeb came to the throne, he accused the Seventh Master Guru Har Rai of having helped Dara Shikoh (Aurangzeb's brother but arch-enemy) and summoned him to his court in Delhi. The Guru sent his eldest son, Baba Ram Rai, with the strict instructions not to change anything in the Adi Granth for fear or favour. Well received by Aurangzeb, he not only satisfactorily responded to all charges but also impressed the Emperor Aurangzeb with his cleverness. As a result, Ram Rai was asked to stay on as a state guest for some period. Subsequently pestered by Qazis and Mullas, one day, Aurangzeb questioned why Guru Nanak had criticized Islam in salok "*Mitti Musalmaan Ki*"? Ram Rai satisfied the royal assembly by saying that the actual writing was "*Mitti Baiemaan Ki*", not "*Mitti Musalmaan Ki*". Though Ram Rai had managed on the sly to please Aurangzeb, Guru Har Rai promptly disowned him for the unpardonable sacrilege and forbade all Sikhs from associating with him. Subsequently, the Guru declared his youngest son Har Krishan as his successor [Eighth Master] at Kiratpur Sahib when he was only five years and three months of age.

Guru Nanak has classified humans in simplest terms based on their *Karmas* [deeds]. The above categorisation pertains to the norms of society in which worth [resulting from spiritual attainments] rather than birth [as in caste system of Hinduism] determines your position. Spiritually also he has defined two categories: *Gurmukh* and *Manmukh*. *Gurmukh* has his consciousness oriented towards the Spiritual Preceptor. *Manmukh* blindly follows the intrigues and machinations of the Mind.

For the one with scientific temper here is a checklist to figure out if he is on the Right Path because mere ritualistic engagement is of no avail at all. The principle is simple: If after the worship of the FEARLESS Lord you still have 'fear' embedded in your consciousness; if adoration of Him who is without enmity you are not free from hate and rivalry of fellow beings; if while calling Him the Redeemer of Sinners you practise untouchability as in classical Hinduism; if chanting Him as 'Akaal' [Beyond Death] you are scared of dying; if believing that God has no colour, no caste you a victim of these social vices—in the eyes of the vigilant Guru you are just shamming and caught in hypocrisy of morals and religious exhibitionism.

Sloku Mehla-1
*Nanak meru sareer ka iku rathu iku rathvaahu*
*Jugu jugu pheri vataayaih gyani bujhaih taahi*
*Satjugi rathu santokh ka dharamu agei rathvaahu*
*Tretai rathu jatai ka joru agei rathvaahu*
*Duaapari rathu tapei ka satu agei rathvaahu*
*Kaljugi rathu agni ka koodu agei rathvaahu*
[SGGS, Page 470]
Embodied Soul, Nanak, has one chariot and one charioteer
The wise alone know how in each Age they change and steer
In the Golden Age, Contentment was the chariot; Probity, the charioteer
In the Silver Age, Asceticism was the chariot; Strength, the charioteer

In the Brass Age, Penance was the chariot; Truth, the charioteer
In the Iron Age, Fire is the chariot; Untruth, the charioteer

***Former Principal, Chandigarh College of Architecture**

---

# ਰਾਗ ਭੀਮਪਲਾਸੀ (ਝੱਪ ਤਾਲ)

## ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website: http://www.gurbaniraags.com

ਕਾਫੀ ਠਾਠ ਦਾ ਇਹ ਮਿੱਠਾ ਅਤੇ ਅਤੀ ਪ੍ਰਚੱਲਤ ਰਾਗ ਓਢਵ ਸੰਪੂਰਨ ਜਾਤੀ ਦਾ ਦਿਨ ਦੇ ਤੀਸਰੇ ਪਹਿਰ ਗਾਇਆ ਜਾਂਦਾ ਹੈ। ਇਸ ਵਿੱਚ ਗੰਧਾਰ ਅਤੇ ਨਿਖਾਦ ਕੋਮਲ, ਬਾਕੀ ਸੁਰ ਸ਼ੁੱਧ ਅਤੇ ਮ – ਸ ਇਸ ਦਾ ਵਾਦ–ਸੰਵਾਦ ਹੈ। ਆਰੋਹ ਵਿੱਚ ਰਿਖਬ ਅਤੇ ਧੈਵਤ ਵਰਜਤ ਹਨ। ਕੁਝ ਕੁ ਬੰਦਿਸ਼ਾਂ ਦੇ ਆਰੋਹ ਵਿੱਚ ਸ਼ੁੱਧ ਨਿਖਾਦ ਦਾ ਪ੍ਰਯੋਗ ਹੋਇਆ ਹੈ ਪਰ ਆਮ ਤੌਰ ਤੇ ਸਿਰਫ ਕੋਮਲ ਨਿਖਾਦ ਹੀ ਵਰਤੋਂ ਵਿੱਚ ਹੈ। ਏਸੇ ਹੀ ਅੰਗ ਦਾ ਇੱਕ ਰਾਗ ਧਨਾਸਰੀ ਹੈ ਜਿਸਦਾ ਵਾਦ–ਸੰਵਾਦ ਪ – ਸ ਹੈ। ਕਿਉਂਕਿ ਰਾਗ ਧਨਾਸਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ ਇਸ ਲਈ ਗੁਰੂ ਘਰ ਦੇ ਰਾਗੀ ਰਬਾਬੀ ਜਦ ਧਨਾਸਰੀ ਰਾਗ ਦੇ ਸ਼ਬਦਾਂ ਦਾ ਗਾਇਨ ਕਰਦੇ ਹਨ ਤਾਂ ਉਨ੍ਹਾਂ ਦਾ "ਧਨਾਸਰੀ" ਭੀਮਪਲਾਸੀ ਵਰਗਾ ਹੀ ਹੁੰਦਾ ਹੈ। ਇਨ੍ਹਾਂ ਦੋਹਾਂ ਰਾਗਾਂ ਦਾ ਅੰਤਰ ਏਨਾ ਘੱਟ ਹੈ ਕਿ ਇਨ੍ਹਾਂ ਨੂੰ ਨਿਖੇੜਨਾ ਬਹੁਤ ਕਠਿਨ ਹੈ। ਜਿਵੇਂ ਰਾਗ ਦੇਸ ਨੇ ਸੋਰਠ ਦੀ ਥਾਂ ਲੈ ਲਈ ਲਗਦੀ ਹੈ ਉਸੇ ਤਰਾਂ ਭੀਮਪਲਾਸੀ ਦੇ ਮੁਕਾਬਲੇ ਵਿੱਚ ਧਨਾਸਰੀ ਪਿੱਛੇ ਪੈ ਗਿਆ ਹੋਇਆ ਹੈ। ਦੋਵਾਂ ਰਾਗਾਂ ਦਾ ਨਿਆਸ ਸੁਰ ਪੰਚਮ ਹੋਣ ਕਰਕੇ ਇਹ ਰਾਗ ਇੱਕ ਦੂਸਰੇ ਦੇ ਹੋਰ ਵੀ ਨਜ਼ਦੀਕ ਹੋ ਗਏ ਹਨ।

**ਆਰੋਹ:** ਨ਼ੁ ਸ [ਮ]ਗੁ ਮ, ਪ, ਨੁ ਸਂ

**ਅਵਰੋਹ:** ਸਂ ਨੁ ਧ ਪ ਮ ਗੁ, ਮ ਗੁ ਰ ਸ

**ਮੁੱਖ ਅੰਗ:** ਨ਼ੁ ਸ ਮ, [ਗ]ਮ ਗੁ ਰ ਸ।

**ਚਾਲ:** ਨ਼ੁ ਸ –, ਨ਼ੁ ਸ [ਮ]ਗੁ – ਰ ਸ, ਸ ਨ਼ੁ – ਧ਼ ਪ਼ – ਨ਼ੁ ਧ਼ ਪ਼ – ਨ਼ੁ – ਸ, ਪ਼ ਨ਼ੁ ਸ [ਮ]ਗੁ –
ਰ – ਸ, ਨ਼ੁ ਸ [ਮ]ਗੁ – ਮ – ਪ ਮ ਗੁ ਮ – ਮ ਗੁ ਰ ਸ ਨ਼ੁ ਸ, [ਮ]ਗੁ ਮ ਪ ਨੁ ਧ ਪ – ਮ ਪ ਗੁ
ਮ ਪ ਨੁ – ਧ – ਪ – ਮ ਪ ਗੁ ਮ ਪ ਗੁ – ਮ ਗੁ ਰ ਸ, ਮ ਪ ਗੁ ਮ ਪ ਨੁ – ਪ ਨੁ ਸਂ –,
ਪ ਨੁ ਸਂ ਗੁਂ ਰਂ – ਸਂ, ਮਂ ਗੁਂ ਰਂ ਸਂ ਨੁ ਧ ਪ –, ਮ ਪ ਗੁ ਮ ਪ ਨੁ ਧ ਪ, ਮ ਪ ਗੁ ਮ ਪ
ਗੁ – ਮ ਗੁ ਰ ਸ – ਨ਼ੁ – ਸ।

## ਅਸਥਾਈ

| | | | | | | | | | |
|---|---|---|---|---|---|---|---|---|---|
| | | | | | [ਸ]ਗੁ | – | ਰ | ਸ | ਨ਼ੁ |
| | | | | | ਸਾ | ऽ | ਧੋ | ऽ | ऽ |
| ਪ਼ | ਪ਼ | ਨ਼ੁ | – | ਸ | [ਮ]ਗੁ | – | ਰ | – | ਨ਼ੁ |
| ਰ | ਚ | ਨਾ | ऽ | ऽ | ਰਾ | ऽ | ਮ | ऽ | ਬ |
| ਸ | – | ਸ | – | – | ਗੁ | – | ਰ | – | ਸ |
| ਨਾ | ऽ | ਈ | ऽ | ऽ | ਸਾ | ऽ | ਧੋ | ऽ | ऽ |
| ਮ | ਮ | ਮ | – | ਮ | ਮ | ਪ | ਗੁ | – | ਮ |
| ਇ | ਕ | ਬਿ | ऽ | ਨ | ਸੈ | ऽ | ਇ | ऽ | ਕ |
| ਪ | –ਪੁ | [ਸੰ]ਨੁ | – | ਧ | ਪ | – | ਗੁ | – | ਗੁਮ |
| ਅ | ऽਸੁ | ਤ | ऽ | ਰ | ਮਾ | ऽ | ਨੈ | ऽ | ऽऽ |
| ਪ | ਨੁ | ਧ | ਪ | ਮਪੁ | ਗੁ | ਗੁ | ਮ | ਗੁ | ਮਗੁ |
| ਅ | ਚ | ਰ | ऽ | ਜੁऽ | ਲ | ਖਿ | ਓ | ऽ | ਨੁऽ |
| ਰ | – | ਸ | – | ਨ਼ੁ | ਪ਼ | ਨ਼ੁ | ਸ | [ਮ]ਗੁ | – |
| ਜਾ | ऽ | ਈ | ऽ | ऽ | ਸਾ | ऽ | ਧੋ | ऽ | ऽ |
| [ਗੁ]ਮ | ਗੁ | ਰ | – | ਸਨ਼ੁ | [ਨ਼]ਪ਼ | ਨ਼ੁ | ਸ | ਗੁ | ਰ |
| ਰ | ਚ | ਨਾ | ऽ | ऽऽ | ਰਾ | ऽ | ਮ | ऽ | ਬ |
| ਸ | – | ਸ | – | –, | [ਸ]ਮ | ਗੁ | ਰ | – | ਸ |
| ਨਾ | ऽ | ਈ | ऽ | ऽ, | ਸਾ | ऽ | ਧੋ | ऽ | ऽ |
| ੦ | | ੩ | | | x | | ੨ | | |

## ਅੰਤਰਾ

| | | | | | | | | | |
|---|---|---|---|---|---|---|---|---|---|
| ਮ | – | ਮ | – | – | ਪ | ਮ | ਗੁ | – | ਮ |
| ਕਾ | ऽ | ਮ | ऽ | ऽ | ਕ੍ਰੋ | ऽ | ਧ | ऽ | ऽ |
| ਪ | ਪ | ਨੁ | – | ਪ | ਪ | ਨੁ | ਸੰ | – | – |
| ਮੋ | ਹ | ਬ | ऽ | ਸ | ਪ੍ਰਾ | ऽ | ਨੀ | ऽ | ऽ |
| ਪ | ਨੁ | ਸੰ | – | ਗੁੰ | ਰੰ | ਸੰ | ਨੁ | ਧ | ਪ |
| ਹ | ਰ | ਮੂ | ऽ | ऽ | ਰ | ਤ | ਬਿ | ऽ | ਸ |

| | | | | | | | | | |
|---|---|---|---|---|---|---|---|---|---|
| [ਮ]ਗੁ | – | ਮ | – | ਗੁ | ਮ | – | ਪ | – | – |
| ਰਾ | ऽ | ऽ | ऽ | ऽ | ਈ | ऽ | ऽ | ऽ | ऽ |
| [ਸ]ਮ | ਗੁ | [ਸ]ਰ | – | ਸ | ਨ਼ | ਧ਼ | ਪ਼ | ਨ਼ | ਨ਼ |
| ਰ | ਚ | ਨਾ | ऽ | ऽ | ਗਾ | ऽ | ਮ | ऽ | ਬ |
| ਸ | – | ਸ | – | –, | [ਸ]ਮ | ਗੁ | ਰ | – | ਸ |
| ਨਾ | ऽ | ਈ | ऽ | ऽ, | ਸਾ | ऽ | ਧੋ | ऽ | ऽ |
| ੦ | | ੩ | | | x | | ੨ | | |



# ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ

### ਗਉੜੀ ਮਹਲਾ ੯ ॥

ਸਾਧੋ ਰਚਨਾ ਰਾਮ ਬਨਾਈ ॥
ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥

### ENGLISH TRANSLATION

Gauree, Ninth Mehl:

Holy Saadhus: the Lord fashioned the creation. One person passes away, and another thinks that he will live forever - this is a wonder beyond understanding! ||1||Pause||

The mortal beings are held in the power of sexual desire, anger and emotional attachment; they have forgotten the Lord, the Immortal Form.

The body is false, but they believe it to be true; it is like a dream in the night. ||1||

Whatever is seen, shall all pass away, like the shadow of a cloud.

O servant Nanak, one who knows the world to be unreal, dwells in the Sanctuary of the Lord. ||2||2||

(Sri Guru Granth Sahib Page: 219)

RNI Regd. No.46788/89 ISSN 0972-2335

# ਮਰਦਾਨਾ ਬੋਲਦਾ ਹੈ

ਡਾ. ਹਰਿਭਜਨ ਸਿੰਘ

ਮੇਰਾ ਨਾਨਕ ਇਕੱਲਾ ਰਹਿ ਗਿਆ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ
ਮਰਦਾਨਾ ਗੁਰੂ ਦਾ ਯਾਰ ਸੀ
ਉਹਦੇ ਸਦਕਾ ਗੁਰੂ ਦੇ ਆਸੇ-ਪਾਸੇ
ਦੋਸਤੀ ਦੀ ਮਹਿਕ ਸੀ
ਜਦੋਂ ਰਬਾਬ 'ਚੋਂ ਸਰਗਮ ਉਦੈ ਹੁੰਦੀ
ਗੁਰੂ ਦੇ ਬੋਲ ਸਵੇਰੀ ਪੌਣ ਵਾਂਗੂੰ ਜਾਗਦੇ ਹਨ
ਅੱਜ ਵੀ ਸੰਗਤ ਵਿਚ ਗੁਰੂ ਦੇ ਬੋਲ ਨੇ
ਪਰ ਸੁਰ ਨਹੀਂ
ਗੁਰੂ ਦਾ ਸ਼ਬਦ ਹੈ
ਪਰ ਅਰਥ ਗੁੰਮ ਹੋ ਗਿਆ ਹੈ
ਕੀਰਤਨ ਦੀ ਭੀੜ ਹੈ
ਸੰਗੀਤ ਦਾ ਚਿਹਰਾ ਨਹੀਂ ਦਿਸਦਾ
ਕਿਸੇ ਖੂੰਜੇ 'ਚ ਗੁੰਮ-ਸੁੰਮ ਚੁੱਪ ਪਈ ਰਬਾਬ
ਕਈ ਸਾਲਾਂ ਤੋਂ ਇਸ ਦੀ ਤਾਰ 'ਚੋਂ
ਝਨਕਾਰ ਨਹੀਂ ਜਾਗੀ
ਕਿਸੇ ਆਸ਼ਕ ਦੀ ਮਹਿਰਮ ਛੋਹ ਬਿਨਾਂ
ਸਾਜ਼ 'ਚੋਂ ਸੁਰਤਾਲ ਦਾ ਜਾਦੂ ਨਹੀਂ ਉਗਦਾ
ਕੋਈ ਜਾਵੋ ਲਿਆਵੋ ਸਾਜ਼ ਦੇ ਮਹਿਰਮ ਨੂੰ
ਪਾਰੋਂ ਮੋੜ ਕੇ
ਕਿਸੇ ਵੀ ਸਾਜ ਬਿਨ
ਆਵਾਜ਼ ਦਾ ਕੁਝ ਭੇਤ ਨਹੀਂ ਪਾਇਆ
ਮੇਰਾ ਨਾਨਕ ਇਕੱਲਾ ਰਹਿ ਗਿਆ ਹੈ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ।
ਕਦੀ ਬਚਪਨ 'ਚ, ਆਪਣੇ ਘਰ
ਮੈਂ ਇਕ ਤਸਵੀਰ ਵੇਖੀ ਸੀ
ਗੁਰੂ ਨਾਨਕ ਦੇ ਲਾਗੇ ਯਾਰ ਮਰਦਾਨਾ ਰਬਾਬੀ ਸੀ
ਮੈਨੂੰ ਤਸਵੀਰ ਵਿਚ ਦੁਨੀਆ ਦਾ
ਸਾਰਾ ਅਰਥ ਦਿਸਦਾ ਸੀ
ਇਹ ਦੁਨੀਆ ਸੀ –
ਮੇਰੇ ਬਚਪਨ ਜਿਹੀ ਸਾਦਾ
ਕਿਸੇ ਮਿੱਤਰ ਜਿਹੀ ਨਿਰਛਲ
ਅਚਨਚੇਤੇ ਕਿਸੇ ਨਿਰਮੋਹ ਨੇ
ਮਰਦਾਨੇ ਨੂੰ ਤਸਵੀਰੋਂ ਅਲਗ ਕੀਤਾ
ਯਾ ਕਿ ਮਰਦਾਨਾ ਹੀ ਆਪੇ ਦੌੜ ਕੇ
ਤਸਵੀਰ ਵਿਚੋਂ ਨਿਕਲ ਤੁਰਿਆ
ਹੁਣ ਜਦੋਂ ਤਸਵੀਰ ਨੂੰ ਤੱਕਦਾ ਹਾਂ
ਜ਼ਿੰਦਗੀ ਦਾ ਨਿੱਘ ਤਨ 'ਚੋਂ ਖਿਸਕ ਜਾਂਦਾ ਹੈ
ਸੁਲਗਦੀ ਦੇਹੀ 'ਚੋਂ ਚਾਨਣ ਜਲਾਵਤਨ ਹੁੰਦੈ
ਦੋਸਤੀ ਵਕਤੀ ਜ਼ਰੂਰਤ ਤੋਂ ਸਿਵਾ ਕੁਝ ਵੀ ਨਹੀਂ,
ਸ਼ਾਇਦ
ਸ਼ਾਇਰੀ ਸੰਗੀਤ ਦਾ ਰਿਸ਼ਤਾ ਵੀ ਮਨ ਦਾ ਵਹਿਮ ਹੈ
ਜਿਹਨੂੰ ਚਾਨਣ ਸਮਝ ਆਪਣਾ ਕਿਹਾ
ਨਿਕਲੀ ਉਹੋ ਛਾਇਆ
ਮੇਰਾ ਨਾਨਕ ਇਕੱਲਾ ਰਹਿ ਗਿਆ ਹੈ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ।
ਦੂਰ ਮਰਦਾਨੇ ਦੀ ਨਗਰੀ 'ਚੋਂ
ਕਦੇ ਆਵਾਜ਼ ਆਉਂਦੀ ਏ:
ਮੈਂ ਆਪਣੇ ਸ਼ਹਿਰ ਵਿਚ 'ਕੱਲਾ
ਮੈਨੂੰ ਨਾਨਕ ਨਹੀਂ ਮਿਲਦਾ
ਜਿਸ ਜਗ੍ਹਾ ਨਾਨਕ ਕਦੀ ਮੱਝੀਂ ਚਰਾਈਆਂ ਸਨ
ਓਸ ਥਾਵੇਂ ਆਦਮੀ ਦੀ ਫ਼ਸਲ ਸਾਰੀ ਉਜੜ ਚੁੱਕੀ ਹੈ
ਕੌਣ ਇਸ ਖੇਤੀ ਨੂੰ ਮੁੜ ਹਰਿਆ ਕਰੇ ?
ਜਿਸ ਜਗ੍ਹਾ ਨਾਨਕ ਮੇਰੇ ਦੀਆਂ ਯਾਦਗਾਰਾਂ ਨੇ
ਓਸ ਥਾਵੇਂ ਕੌਣ ਉਸ ਨੂੰ ਯਾਦ ਕਰਦਾ ਹੈ ?
ਮੇਰੇ ਸੰਗੀਤ ਦੇ ਸੁਰ ਬੇਸੁਰੇ ਨੇ
ਮੈਂ ਆਪਣੇ ਸਫ਼ਰ ਵਿਚ ਹਰ ਥਾਂ ਬੇਤਾਲਾ ਹਾਂ
ਸਫ਼ਰ ਨੂੰ ਮੰਜ਼ਿਲ ਨਹੀਂ
ਪਿਆਸ ਲਈ ਪਾਣੀ ਨਹੀਂ
ਮੈਂ ਆਪਣੇ ਯਾਰ ਦੀ ਨਗਰੀ
'ਚ ਹੀ ਬੇਯਾਰ ਫਿਰਦਾ ਹਾਂ
ਭਟਕਣਾ ਦੇ ਦੇਸ ਵਿਚ
ਅਕ-ਕਕੜੀਆਂ ਨੂੰ ਕੌਣ ਅੱਜ ਮਿੱਠਾ ਕਰੇ ?
ਕੋਈ ਆਖੇ ਮੇਰੇ ਨਾਨਕ ਨੂੰ
ਮੇਰੇ ਸ਼ਹਿਰ ਆਵੇ, ਆਪਣੇ ਸ਼ਹਿਰ ਆਵੇ
ਕੋਈ ਆਖੇ ਮੈਨੂੰ ਮੱਕੇ ਉਦਾਸੀ ਫੇਰ ਲੈ ਜਾਵੇ
ਕਿ ਮੈਂ ਤਈਆਰ ਹਾਂ
ਮੁੜ ਦੋਸਤੀ ਦੇ ਸਫ਼ਰ ਤੇ ਤੁਰ ਜਾਣ ਲਈ
ਸਿਰਫ਼ ਤਸਵੀਰ ਵਿਚ ਬਹਿ ਜਾਣ ਦਾ
ਮੌਕਾ ਨਹੀਂ ਆਇਆ
ਮੇਰਾ ਨਾਨਕ ਇਕੱਲਾ ਰਹਿ ਗਿਆ ਹੈ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ।